ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 65
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 8 March, 2026) ਐਤਵਾਰ, 8 ਮਾਰਚ, 2026, 25 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਪਿੰਡ ਦੀ ਗਲੀ 'ਚ ਖਿਲਰੇ ਪਏ ਮਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ

ਬਾਬਾ ਬਕਾਲਾ ਸਾਹਿਬ, 7 ਮਾਰਚ (ਚ.ਨ.ਸ.): ਇਥੋਂ ਦੇ ਪਿੰਡ ਸਠਿਆਲਾ ਵਿਖੇ ਸਥਿਤ ਸ੍ਰੀ ਗੁਰੂ ਤੇਗ ਬਹਾਦੁਰ ਗੁਰਦੁਆਰੇ ਵਿਚ ਬੇਅਦਬੀ ਦੀ ਘਟਨਾ ਸਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਅੰਗ ਗਲੀਆਂ ਵਿਚ ਬਿਖਰੇ ਹੋਏ ਮਿਲੇ। ਸੀਸੀਟੀਵੀ ਕੈਮਰਿਆਂ ਦੀ ਜਾਂਚ ਵਿਚ ਦੇਖਿਆ ਗਿਆ ਕਿ ਕੁਝ ਸ਼ਰਾਰਤੀ ਲੋਕਾਂ ਨੇ ਤਾਰਾਂ ਕੱਟ ਕੇ ਗੁਰਦੁਆਰਾ ਪਰਿਸਰ ਵਿਚ ਤੋੜ-ਫੋੜ ਕੀਤੀ ਸੀ। ਇਸ ਘਟਨਾ ਨਾਲ ਪੂਰੇ ਪਿੰਡ ਵਿਚ ਰੋਸ ਹੈ। ਪਿੰਡ ਵਾਲਿਆਂ ਨੇ ਤੁਰੰਤ ਪੁਲਿਸ ਨੂੰ ਘਟਨਾ ਦੀ ਜਾਣਕਾਰੀ ਦਿੱਤੀ।



# ਪੱਤਰਕਾਰ ਰਾਮ ਚੰਦਰ ਛੱਤਰਪਤੀ ਕਤਲ ਕੇਸ 'ਚੋਂ ਰਾਮ ਰਹੀਮ ਬਰੀ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 7 ਮਾਰਚ: ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ਨਿਚਰਵਾਰ ਨੂੰ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਕਤਲ ਕੇਸ ਵਿੱਚ ਗੁਰਮੀਤ ਰਾਮ ਰਹੀਮ ਸਿੰਘ ਨੂੰ ਬਰੀ ਕਰ ਦਿੱਤਾ ਹੈ, ਜੋ ਕਿ ਉਸ ਨੂੰ ਦੋਸ਼ੀ ਠਹਿਰਾਏ ਜਾਣ ਅਤੇ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਸੱਤ ਸਾਲਾਂ ਤੋਂ ਵੱਧ ਸਮੇਂ ਬਾਅਦ ਹੋਇਆ ਹੈ।

ਸਿਰਸਾ ਸਥਿਤ ਸਮਾਜਿਕ-ਅਧਿਆਤਮਿਕ ਸੰਸਥਾ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ 2019 ਵਿੱਚ ਇੱਕ ਵਿਸ਼ੇਸ਼ ਅਦਾਲਤ ਨੇ 2002 ਵਿੱਚ ਪੱਤਰਕਾਰ ਛੱਤਰਪਤੀ ਦੇ ਕਤਲ ਲਈ ਦੋਸ਼ੀ ਪਾਇਆ ਸੀ, ਜਿਨ੍ਹਾਂ ਨੇ ਡੇਰਾ ਮੁਖੀ ਵਿਰੁੱਧ ਲੱਗੇ ਦੋਸ਼ਾਂ ਨਾਲ ਸਬੰਧਤ ਰਿਪੋਰਟਾਂ ਪ੍ਰਕਾਸ਼ਤ ਕੀਤੀਆਂ ਸਨ।

ਹਾਲਾਂਕਿ, ਸਜ਼ਾ ਦੇ ਵਿਰੁੱਧ ਅਪੀਲਾਂ ਦੀ ਸੁਣਵਾਈ ਕਰਦੇ ਹੋਏ ਮੁੱਖ ਜੱਜ ਸ਼ੀਲ ਨਾਗੂ ਅਤੇ ਜਸਟਿਸ ਵਿਕਰਮ ਅਗਰਵਾਲ ਦੇ ਡਿਵੀਜ਼ਨ



ਬੈਂਚ ਨੇ ਸਜ਼ਾ ਨੂੰ ਰੱਦ ਕਰ ਦਿੱਤਾ ਅਤੇ ਰਾਮ ਰਹੀਮ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ। ਇਸ ਦੇ ਨਾਲ ਹੀ ਅਦਾਲਤ ਨੇ ਇਸ ਕੇਸ ਵਿੱਚ ਦੋ ਹੋਰ ਮੁਲਜ਼ਮਾਂ ਵੱਲੋਂ ਦਾਇਰ ਅਪੀਲਾਂ ਨੂੰ ਖਾਰਜ ਕਰ ਦਿੱਤਾ, ਜਿਸ ਨਾਲ ਉਨ੍ਹਾਂ ਵਿਰੁੱਧ ਦਿੱਤੇ ਗਏ ਫੈਸਲੇ ਨੂੰ ਬਰਕਰਾਰ ਰੱਖਿਆ ਗਿਆ ਹੈ।ਬਰੀ ਕੀਤੇ ਜਾਣ ਪਿੱਛੇ ਕਾਰਨਾਂ ਦੀ ਵਿਆਖਿਆ ਕਰਨ ਵਾਲੇ ਵਿਸਤ੍ਰਿਤ ਫੈਸਲੇ ਤੋਂ ਉਨ੍ਹਾਂ ਕਾਨੂੰਨੀ ਆਧਾਰਾਂ ਦੇ ਸਪੱਸ਼ਟ ਹੋਣ ਦੀ ਉਮੀਦ ਹੈ ਜਿਨ੍ਹਾਂ 'ਤੇ ਅਦਾਲਤ ਨੇ (ਬਾਕੀ ਸਫਾ 11 'ਤੇ)

## ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਜਾਵਾਂਗੇ: ਅੰਸ਼ੁਲ ਛੱਤਰਪਤੀ

ਸਿਰਸਾ, 7 ਮਾਰਚ (ਚ.ਨ.ਸ.): ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੱਤਰਕਾਰ ਰਾਮ ਚੰਦਰ ਛੱਤਰਪਤੀ ਕਤਲ ਮਾਮਲੇ ਵਿੱਚ ਬਰੀ ਕੀਤੇ ਜਾਣ 'ਤੇ ਆਪਣੀ ਪ੍ਰਤੀਕ੍ਰਿਆ ਦਿੰਦਿਆਂ ਅੰਸ਼ੁਲ ਛੱਤਰਪਤੀ ਨੇ ਕਿਹਾ ਹੈ ਕਿ ਉਹ ਇਸ ਫੈਸਲੇ ਦੇ ਖ਼ਿਲਾਫ਼ ਸੁਪਰੀਮ ਕਰੋਟ ਦਾ ਰੁੱਖ ਕਰਨਗੇ।

ਉਨ੍ਹਾਂ ਨੇ ਕਿਹਾ ਹੈ ਕਿ ਹਾਲੇ ਤੱਕ ਉਨ੍ਹਾਂ ਨੂੰ ਫੈਸਲੇ ਦੀ ਕਾਪੀ ਨਹੀਂ ਮਿਲੀ ਹੈ। ਫੈਸਲੇ ਦੀ ਕਾਪੀ ਮਿਲਣ ਮਗਰੋਂ ਹੀ ਇਹ ਪਤਾ ਲੱਗੇਗਾ ਕਿ ਡੇਰਾ ਮੁਖੀ ਨੂੰ ਕਿਸ ਅਧਾਰ 'ਤੇ ਬਰੀ ਕੀਤਾ ਗਿਆ ਹੈ।ਉਨ੍ਹਾਂ ਨੇ ਆਸ ਪ੍ਰਗਟਾਈ (ਬਾਕੀ ਸਫਾ 11 'ਤੇ)

### ਪੰਜਾਬ ਮੰਤਰੀ ਮੰਡਲ ਦੀ ਮੀਟਿੰਗ 'ਚ ਅਹਿਮ ਫ਼ੈਸਲੇ

# ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਪੱਧਰੀ 'ਸ੍ਰੀ ਗੁਰੂ ਤੇਗ ਬਹਾਦਰ ਯੂਨੀਵਰਸਿਟੀ' ਨੂੰ ਮਨਜ਼ੂਰੀ

ਅੰਮ੍ਰਿਤਪਾਲ ਸਿੰਘ

================

ਚੰਡੀਗੜ੍ਹ, 7 ਮਾਰਚ: ਸੂਬੇ ਵਿੱਚ ਉਚੇਰੀ ਸਿੱਖਿਆ, ਉਦਯੋਗਿਕ ਵਿਕਾਸ ਅਤੇ ਪ੍ਰਸ਼ਾਸਨਿਕ ਸੁਧਾਰਾਂ ਨੂੰ ਉਤਸ਼ਾਹਤ ਕਰਨ ਦੇ ਮਨੋਰਥ ਨਾਲ ਅਹਿਮ ਫੈਸਲੇ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਦੀ ਅਗਵਾਈ ਵਿੱਚ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਸਰਕਾਰੀ ਕਾਲਜਾਂ ਵਿੱਚ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ।

ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਮੰਤਰੀ ਦਫ਼ਤਰ ਮੁਤਾਬਕ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ



ਨੇ ਯੂਨੀਵਰਸਿਟੀ ਦੀ ਸਥਾਪਨਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਵਿਸ਼ਵ ਪੱਧਰੀ ਯੂਨੀਵਰਸਿਟੀ ਲਈ ਖਰੜਾ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਯੂਨੀਵਰਸਿਟੀ ਦੀ ਸਥਾਪਨਾ ਸਮੇਂ ਸਿਰ ਕਰਨ ਲਈ ਸਾਰੇ ਲੋੜੀਂਦੇ ਫੈਸਲੇ ਲੈਣ ਲਈ ਮੁੱਖ ਮੰਤਰੀ ਨੂੰ ਅਧਿਕਾਰਤ ਕੀਤਾ ਹੈ।

**ਨਵੀਂ ਉਦਯੋਗਿਕ ਤੇ ਵਪਾਰ ਵਿਕਾਸ ਨੀਤੀ-2026 ਨੂੰ ਹਰੀ ਝੰਡੀ**

ਮੰਤਰੀ ਮੰਡਲ ਨੇ ਪੰਜਾਬ ਉਦਯੋਗ ਕ੍ਰਾਂਤੀ ਤਹਿਤ ਉਦਯੋਗਿਕ ਤੇ ਵਪਾਰ ਵਿਕਾਸ ਨੀਤੀ-2026 ਉਤੇ ਮੋਹਰ ਲਗਾ ਦਿੱਤੀ ਹੈ ਅਤੇ ਇਸ ਨੀਤੀ ਵਿੱਚ ਸੈਕਟਰ ਅਧਾਰਿਤ ਨੀਤੀਆਂ, ਵਿਸਥਾਰਤ ਸਕੀਮਾਂ ਅਤੇ ਦਿਸ਼ਾ-ਨਿਰਦੇਸ਼ ਨੂੰ ਦਰਸਾਉਂਦੇ ਹਨ। ਇਸ ਨੀਤੀ ਦਾ ਉਦੇਸ਼ ਸੂਬੇ ਵਿੱਚ ਵਿੱਤੀ ਰਿਆਇਤਾਂ, ਖੇਤਰੀ ਵਿਕਾਸ, ਰੋਜ਼ਗਾਰ ਪੈਦਾ ਕਰਨ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਉੱਭਰ ਰਹੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਵਿਆਪਕ ਅਤੇ ਢਾਂਚਾਗਤ ਵਿਵਸਥਾ ਸਥਾਪਤ ਕਰਨਾ ਹੈ। ਇਸ ਨਾਲ ਆਰਥਿਕ ਗਤੀਵਿਧੀਆਂ ਨੂੰ ਵੱਡਾ ਹੁਲਾਰਾ ਮਿਲਣ ਦੀ ਉਮੀਦ ਹੈ ਅਤੇ ਪੰਜਾਬ ਨੂੰ ਉੱਚ ਆਰਥਿਕ ਵਿਕਾਸ ਦੇ ਰਾਹ 'ਤੇ ਪਾਉਣ ਦੀ ਆਸ ਹੈ।

**ਸਰਕਾਰੀ ਨੌਕਰੀਆਂ ਅਤੇ ਵਿਦਿਅਕ ਸੰਸਥਾਵਾਂ ਵਿੱਚ ਦਾਖਲਿਆਂ 'ਚ ਖਿਡਾਰੀਆਂ ਲਈ ਰਾਖਵਾਂਕਰਨ ਨੂੰ ਹੋਰ ਸੁਚਾਰੂ ਬਣਾਉਣ ਦੀ ਨੀਤੀ ਨੂੰ ਪ੍ਰਵਾਨਗੀ**

ਮੰਤਰੀ ਮੰਡਲ ਨੇ ਸਰਕਾਰੀ ਨੌਕਰੀਆਂ ਅਤੇ ਵਿਦਿਅਕ ਸੰਸਥਾਵਾਂ 'ਚ ਦਾਖਲਿਆਂ ਵਿੱਚ ਖਿਡਾਰੀਆਂ ਲਈ ਰਾਖਵਾਂਕਰਨ ਨੂੰ ਸੁਚਾਰੂ ਬਣਾਉਣ ਲਈ ਨੀਤੀ ਨੂੰ ਪ੍ਰਵਾਨਗੀ ਦਿੱਤੀ। ਇਹ ਖੇਡਾਂ ਵਿੱਚ ਪ੍ਰਾਪਤੀ ਦੇ ਸਰਟੀਫਿਕੇਟਾਂ ਨੂੰ ਅੰਕ ਨਿਰਧਾਰਤ (ਬਾਕੀ ਸਫਾ 11 'ਤੇ)

## ਈਰਾਨ ਵੱਲੋਂ ਯੂਏਈ, ਸਾਊਦੀ ਅਰਬ ਅਤੇ ਜਾਰਡਨ 'ਚ ਅਮਰੀਕੀ 'ਥਾਡ' ਰੱਖਿਆ ਪ੍ਰਣਾਲੀਆਂ 'ਤੇ ਹਮਲੇ

ਤੇਲ ਅਵੀਵ/ਤਹਿਰਾਨ, 7 ਮਾਰਚ (ਚ.ਨ.ਸ.): ਅੱਜ ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ ਅੱਠਵਾਂ ਦਿਨ ਹੈ। ਪਿਛਲੇ ਹਫ਼ਤੇ ਦੌਰਾਨ, ਈਰਾਨ ਨੇ ਸਾਊਦੀ ਅਰਬ, ਯੂਏਈ ਅਤੇ ਜਾਰਡਨ ਵਿੱਚ ਤਾਇਨਾਤ ਅਮਰੀਕੀ ਟਰਮੀਨਲ ਹਾਈ ਅਲਟੀਟਿਊਡ ਏਰੀਆ ਡਿਫੈਂਸ ('ਥਾਡ') ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਇਆ ਹੈ।

ਮੀਡੀਆ ਰਿਪੋਰਟਾਂ ਅਨੁਸਾਰ, ਜਾਰਡਨ ਦੇ ਮੁਵੱਫਕ ਸਾਲਟੀ ਏਅਰ ਬੇਸ 'ਤੇ ਸਥਾਪਤ 'ਥਾਡ' ਰਾਡਾਰ ਸਿਸਟਮ ਇਨ੍ਹਾਂ ਹਮਲਿਆਂ ਵਿੱਚ ਤਬਾਹ ਹੋ ਗਿਆ ਹੈ।

ਇੱਕ 'ਥਾਡ' ਪ੍ਰਣਾਲੀ ਦੀ ਕੀਮਤ 22,000 ਕਰੋੜ ਤੱਕ ਹੈ, ਜਦੋਂ ਕਿ ਇੱਕ 'ਥਾਡ' ਰਾਡਾਰ ਪ੍ਰਣਾਲੀ ਦੀ ਕੀਮਤ 2,700 ਕਰੋੜ (300 ਮਿਲੀਅਨ) ਤੱਕ ਹੈ।ਇਹ ਰਾਡਾਰ 'ਥਾਡ' ਪ੍ਰਣਾਲੀ ਦਾ ਇੱਕ ਮਹੱਤਵਪੂਰਨ (ਬਾਕੀ ਸਫਾ 11 'ਤੇ)

### ਜਨ ਔਸ਼ਧੀ ਦਿਵਸ ਦੀ ਪ੍ਰਧਾਨ ਮੰਤਰੀ ਨੇ ਦਿੱਤੀ ਵਧਾਈ

# ਸਸਤੀਆਂ ਦਵਾਈਆਂ ਨੇ ਘਟਾਇਆ ਪਰਿਵਾਰਾਂ ਦਾ ਆਰਥਿਕ ਬੋਝ : ਮੋਦੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 7 ਮਾਰਚ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਜਨ ਔਸ਼ਧੀ ਦਿਵਸ 2026' ਦੇ ਮੌਕੇ 'ਤੇ ਦੇਸ਼ ਵਾਸੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਪ੍ਰਮੁੱਖ ਪਹਿਲ ਹਰ ਨਾਗਰਿਕ ਲਈ ਸਸਤੀਆਂ ਅਤੇ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (ਪਹਿਲਾਂ ਟਵਿੱਟਰ) 'ਤੇ ਇੱਕ ਪੋਸਟ ਸਾਂਝੀ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਭਾਰਤੀ ਜਨ ਔਸ਼ਧੀ ਪਰਿਯੋਜਨਾ ਨੇ ਲੱਖਾਂ ਲੋਕਾਂ ਨੂੰ ਬਹੁਤ ਘੱਟ ਕੀਮਤਾਂ 'ਤੇ ਉੱਚ ਗੁਣਵੱਤਾ ਵਾਲੀਆਂ ਦਵਾਈਆਂ ਮੁਹੱਈਆ



ਕਰਵਾਉਣ ਵਿੱਚ ਮਦਦ ਕੀਤੀ ਹੈ।ਉਨ੍ਹਾਂ ਕਿਹਾ, 'ਜਨ ਔਸ਼ਧੀ ਦਿਵਸ 2026 'ਤੇ, ਮੈਂ ਉਨ੍ਹਾਂ ਸਾਰੇ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ ਜੋ ਇਸ ਸਕੀਮ ਦਾ ਲਾਭ ਉਠਾ ਰਹੇ ਹਨ।' ਪ੍ਰਧਾਨ ਮੰਤਰੀ ਨੇ ਇਸ ਯੋਜਨਾ ਦੇ ਮਕਸਦ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਨ ਔਸ਼ਧੀ ਕੇਂਦਰਾਂ ਦੇ ਨੈੱਟਵਰਕ ਰਾਹੀਂ ਆਮ (ਬਾਕੀ ਸਫਾ 11 'ਤੇ)

# ਈਰਾਨ ਵੱਲੋਂ ਅਮਰੀਕਾ ਦੀ 'ਆਤਮ ਸਮਰਪਣ' ਵਾਲੀ ਮੰਗ ਰੱਦ

ਚੜ੍ਹਦੀਕਲਾ ਬਿਊਰੋ

================

ਤੇਹਰਾਨ, 7 ਮਾਰਚ: ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜੇਸ਼ਕੀਅਨ ਨੇ ਅਮਰੀਕਾ ਦੀ ਬਿਨਾਂ ਸ਼ਰਤ ਆਤਮ ਸਮਰਪਣ ਕਰਨ ਦੀ ਮੰਗ ਨੂੰ ਸਿਰੇ ਤੋਂ ਖਾਰਜ ਕਰਦਿਆਂ ਸਖ਼ਤ ਲਹਿਜ਼ੇ ਵਿੱਚ ਕਿਹਾ ਹੈ ਕਿ ਅਜਿਹਾ ਕਰਨਾ ਅਮਰੀਕਾ ਦਾ ਇੱਕ ਅਜਿਹਾ ਖ਼ੁਆਬ ਹੈ ਜਿਸ ਨੂੰ ਉਨ੍ਹਾਂ ਨੂੰ ਆਪਣੀ ਕਬਰ ਤੱਕ ਨਾਲ ਲੈ ਕੇ ਜਾਣਾ ਪਵੇਗਾ। ਸਰਕਾਰੀ ਟੈਲੀਵਿਜ਼ਨ 'ਤੇ ਪ੍ਰਸਾਰਿਤ ਇੱਕ ਸੰਬੋਧਨ ਦੌਰਾਨ ਪੇਜੇਸ਼ਕੀਅਨ ਨੇ ਸਪੱਸ਼ਟ ਕੀਤਾ ਕਿ ਈਰਾਨ ਕਿਸੇ ਵੀ ਦਬਾਅ ਅੱਗੇ ਝੁਕਣ ਵਾਲਾ ਨਹੀਂ ਹੈ। ਉਨ੍ਹਾਂ ਦਾ ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਖੇਤਰ ਵਿੱਚ ਫੌਜੀ ਅਤੇ ਰਾਜਨੀਤਿਕ ਤਣਾਅ ਲਗਾਤਾਰ ਵਧ ਰਿਹਾ ਹੈ।

ਦੂਜੇ ਪਾਸੇ, ਰਾਸ਼ਟਰਪਤੀ ਨੇ ਖੇਤਰੀ ਦੇਸ਼ਾਂ 'ਤੇ ਈਰਾਨ ਵੱਲੋਂ ਕੀਤੇ ਗਏ ਹਮਲਿਆਂ ਲਈ ਜਨਤਕ ਤੌਰ 'ਤੇ ਮੁਆਫੀ ਵੀ ਮੰਗੀ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਬਹਿਰੀਨ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ 'ਤੇ ਹੋਏ ਇਹ ਹਮਲੇ ਫੌਜੀ ਅਧਿਕਾਰੀਆਂ



ਵਿਚਕਾਰ 'ਸੂਚਨਾ ਦੇ ਗਲਤ ਸੰਚਾਰ' ਕਾਰਨ ਹੋਏ ਸਨ। ਉਨ੍ਹਾਂ ਭਰੋਸਾ ਦਿੱਤਾ ਕਿ ਤੇਹਰਾਨ ਹੁਣ ਇਨ੍ਹਾਂ ਹਮਲਿਆਂ ਨੂੰ ਰੋਕ ਦੇਵੇਗਾ। ਇਹ ਬਿਆਨ ਖੇਤਰ ਵਿੱਚ ਸ਼ਾਂਤੀ ਦੀ ਇੱਕ ਮਹੀਨ ਉਮੀਦ ਵਜੋਂ ਦੇਖਿਆ ਜਾ ਰਿਹਾ ਹੈ, ਹਾਲਾਂਕਿ ਸ਼ਨੀਵਾਰ ਸਵੇਰੇ ਵੀ ਕਈ ਖੇਤਰੀ ਦੇਸ਼ਾਂ 'ਤੇ ਹਮਲੇ ਜਾਰੀ ਰਹੇ ਸਨ।

ਇਸ ਤੋਂ ਪਹਿਲਾਂ ਇਜ਼ਰਾਈਲੀ ਲੜਾਕੂ ਜਹਾਜ਼ਾਂ ਨੇ ਤੇਹਰਾਨ ਅਤੇ ਲੇਬਨਾਨ ਦੀ ਰਾਜਧਾਨੀ ਬੈਰੂਤ 'ਤੇ ਭਾਰੀ ਬੰਬਾਰੀ ਕੀਤੀ ਹੈ, ਜਿਸ ਵਿੱਚ ਹੁਣ ਤੱਕ (ਬਾਕੀ ਸਫਾ 11 'ਤੇ)

## ਇਜ਼ਰਾਈਲ ਵੱਲੋਂ ਲਿਬਨਾਨ 'ਚ ਹਵਾਈ ਹਮਲੇ ਦੌਰਾਨ 41 ਮੌਤਾਂ

ਬੈਰੂਤ , 7 ਮਾਰਚ (ਚ.ਨ.ਸ.): ਲਿਬਨਾਨ ਦੇ ਸਿਹਤ ਮੰਤਰਾਲੇ ਅਨੁਸਾਰ ਇਜ਼ਰਾਈਲ ਵੱਲੋਂ ਨਬੀ ਚਿਟ ਕਸਬੇ ਅਤੇ ਇਸ ਦੇ ਆਲੇ-ਦੁਆਲੇ ਕੀਤੇ ਗਏ ਹਵਾਈ ਹਮਲਿਆਂ ਵਿੱਚ 41 ਲੋਕਾਂ ਦੀ ਮੌਤ ਹੋ ਗਈ ਹੈ। ਇਨ੍ਹਾਂ ਹਮਲਿਆਂ ਵਿੱਚ 40 ਹੋਰ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ। ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜੇਸ਼ਕੀਅਨ ਨੇ ਅਮਰੀਕਾ ਦੀ ਬਿਨਾਂ ਸ਼ਰਤ ਆਤਮ ਸਮਰਪਣ ਕਰਨ ਦੀ ਮੰਗ ਨੂੰ ਸਿਰੇ ਤੋਂ ਖਾਰਜ ਕਰਦਿਆਂ ਸਖ਼ਤ ਲਹਿਜ਼ੇ ਵਿੱਚ ਕਿਹਾ ਹੈ ਕਿ ਅਜਿਹਾ ਕਰਨਾ ਅਮਰੀਕਾ ਦਾ ਇੱਕ ਅਜਿਹਾ ਖ਼ੁਆਬ ਹੈ ਜਿਸ ਨੂੰ ਉਨ੍ਹਾਂ ਨੂੰ ਆਪਣੀ ਕਬਰ ਤੱਕ ਨਾਲ (ਬਾਕੀ ਸਫਾ 11 'ਤੇ)

### ਮਹਿੰਗਾਈ ਦੀ ਮਾਰ

# ਰਸੋਈ ਗੈਸ ਸਿਲੰਡਰ 60 ਅਤੇ ਵਪਾਰਕ 115 ਰੁ. ਹੋਇਆ ਮਹਿੰਗਾ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 7 ਮਾਰਚ:ਪੱਛਮੀ ਏਸ਼ੀਆ ਵਿੱਚ ਚੱਲ ਰਹੇ ਫੌਜੀ ਟਕਰਾਅ ਕਾਰਨ ਕੌਮਾਂਤਰੀ ਬਾਜ਼ਾਰ ਵਿੱਚ ਊਰਜਾ ਦੀਆਂ ਵਧਦੀਆਂ ਕੀਮਤਾਂ ਦਾ ਅਸਰ ਹੁਣ ਆਮ ਆਦਮੀ ਦੀ ਜੇਬ 'ਤੇ ਪੈਣਾ ਸ਼ੁਰੂ ਹੋ ਗਿਆ ਹੈ। ਇੰਡੀਅਨ ਆਇਲ ਕਾਰਪੋਰੇਸ਼ਨ (ਆਈ.ਓ.ਸੀ.) ਅਨੁਸਾਰ, ਦਿੱਲੀ ਵਿੱਚ ਬਿਨਾਂ ਸਬਸਿਡੀ ਵਾਲੇ 14.2 ਕਿਲੋਗ੍ਰਾਮ ਦੇ ਘਰੇਲੂ ਐਲ.ਪੀ.ਜੀ. ਸਿਲੰਡਰ ਦੀ ਕੀਮਤ 60 ਰੁਪਏ ਵਧ ਕੇ 913 ਰੁਪਏ ਹੋ ਗਈ ਹੈ। ਇਹ ਵਾਧਾ ਅੱਜ 7 ਮਾਰਚ ਤੋਂ ਲਾਗੂ ਹੋ ਗਿਆ ਹੈ।

ਮੁੰਬਈ, ਕੋਲਕਾਤਾ ਅਤੇ ਚੇਨਈ ਵਰਗੇ ਸ਼ਹਿਰਾਂ ਵਿੱਚ ਵੀ ਸਥਾਨਕ ਟੈਕਸਾਂ ਦੇ ਹਿਸਾਬ ਨਾਲ ਕੀਮਤਾਂ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ, ਉੱਜਵਲਾ ਯੋਜਨਾ ਦੇ 10 ਕਰੋੜ ਤੋਂ ਵੱਧ ਲਾਭਪਾਤਰੀਆਂ ਨੂੰ ਰਾਹਤ ਦਿੰਦੇ ਹੋਏ ਸਰਕਾਰ ਨੇ 300 ਰੁਪਏ ਦੀ ਸਬਸਿਡੀ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ।ਦੂਜੇ ਪਾਸੇ, ਹੋਟਲਾਂ ਅਤੇ ਰੈਸਟੋਰੈਂਟਾਂ ਵਿੱਚ ਵਰਤੇ ਜਾਣ ਵਾਲੇ 19 ਕਿਲੋਗ੍ਰਾਮ ਦੇ ਕਮਰਸ਼ੀਅਲ ਗੈਸ ਸਿਲੰਡਰ (ਬਾਕੀ ਸਫਾ 11 'ਤੇ)

### ਰੂਸ ਤੋਂ ਤੇਲ ਖ਼ਰੀਦਣ ਨੂੰ ਲੈ ਕੇ ਟਰੰਪ ਦੀ ਛੋਟ 'ਤੇ ਭਾਰਤ ਨੇ ਦਿੱਤਾ ਜਵਾਬ

# 'ਸਾਨੂੰ ਕਿਸੇ ਦੀ ਇਜਾਜ਼ਤ ਲੈਣ ਦੀ ਲੋੜ ਨਹੀਂ'

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 7 ਮਾਰਚ:ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ ਹਮਲੇ ਤੋਂ ਬਾਅਦ, ਹੋਰਮੁਜ਼ ਜਲਡਮਰੂ 'ਤੇ ਤਣਾਅ ਉੱਚਾ ਹੈ, ਜਿਸ ਨਾਲ ਤੇਲ ਬਾਰੇ ਗੰਭੀਰ ਵਿਸ਼ਵਵਿਆਪੀ ਚਿੰਤਾਵਾਂ ਵਧ ਰਹੀਆਂ ਹਨ। ਇਸ ਦੌਰਾਨ, ਅਮਰੀਕਾ ਨੇ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਦੀ ਅਪੀਲ ਕੀਤੀ ਹੈ, ਜਿਸ ਨਾਲ ਰਾਜਨੀਤਿਕ ਹੰਗਾਮਾ ਹੋਇਆ ਹੈ। ਸਰਕਾਰ ਨੇ ਹੁਣ ਇਸ ਮੁੱਦੇ 'ਤੇ ਜਵਾਬ ਦਿੱਤਾ ਹੈ। ਕੇਂਦਰ ਸਰਕਾਰ ਨੇ ਸ਼ਨੀਵਾਰ ਨੂੰ ਕਿਹਾ ਕਿ ਭਾਰਤ ਉੱਥੋਂ ਤੇਲ ਖਰੀਦੇਗਾ ਜਿੱਥੋਂ ਉਸਨੂੰ ਸਭ ਤੋਂ ਸਸਤਾ ਸਰੋਤ ਮਿਲੇਗਾ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਰੁਕਾਵਟਾਂ ਦੇ ਬਾਵਜੂਦ ਭਾਰਤ ਦੀ ਊਰਜਾ ਸਪਲਾਈ ਸੁਰੱਖਿਅਤ ਹੈ। ਇੱਕ ਬਿਆਨ ਵਿੱਚ, ਸਰਕਾਰ ਨੇ ਕਿਹਾ, 'ਹੋਰਮੁਜ਼ ਜਲਡਮਰੂ ਦੇ ਨਾਲ ਤਣਾਅ ਵਧਣ ਦੇ ਬਾਵਜੂਦ, ਭਾਰਤ ਦੀ ਊਰਜਾ ਸਪਲਾਈ ਸੁਰੱਖਿਅਤ ਅਤੇ ਸਥਿਰ ਬਣੀ ਹੋਈ ਹੈ। ਭਾਰਤ ਨੇ ਆਪਣੇ ਕੱਚੇ ਤੇਲ ਸਰੋਤਾਂ ਨੂੰ 27 ਤੋਂ 40 ਦੇਸ਼ਾਂ ਤੱਕ ਵਿਭਿੰਨ ਬਣਾਇਆ ਹੈ, ਇਸ ਤਰ੍ਹਾਂ ਕਈ ਹੋਰ ਸਪਲਾਈ ਰੂਟ ਸਥਾਪਤ ਕੀਤੇ ਹਨ। ਰਾਸ਼ਟਰੀ ਹਿੱਤ ਵਿੱਚ, ਭਾਰਤ ਉਨ੍ਹਾਂ ਥਾਵਾਂ ਤੋਂ ਤੇਲ ਖਰੀਦਦਾ ਹੈ ਜਿੱਥੇ ਇਹ ਸਭ ਤੋਂ ਵਧੀਆ ਅਤੇ ਸਸਤੀਆਂ ਦਰਾਂ ਦੀ ਪੇਸ਼ਕਸ਼ ਕਰਦਾ ਹੈ।' ਭਾਰਤ ਨੇ ਸ਼ਨੀਵਾਰ ਨੂੰ ਇਹ ਵੀ ਪੁਸ਼ਟੀ ਕੀਤੀ ਕਿ ਮੱਧ ਪੂਰਬ ਵਿੱਚ ਜੰਗ ਕਾਰਨ ਅਮਰੀਕਾ ਤੋਂ ਅਸਥਾਈ ਛੋਟ ਮਿਲਣ



ਤੋਂ ਬਾਅਦ ਉਹ ਰੂਸ ਤੋਂ ਤੇਲ ਆਯਾਤ ਕਰਨਾ ਜਾਰੀ ਰੱਖੇਗਾ। ਕੇਂਦਰ ਸਰਕਾਰ ਨੇ ਕਿਹਾ ਹੈ ਕਿ ਨਵੀਂ ਦਿੱਲੀ ਨੂੰ ਅਜਿਹੀਆਂ ਖਰੀਦਾਂ ਲਈ ਕਿਸੇ ਵੀ ਦੇਸ਼ ਤੋਂ ਇਜਾਜ਼ਤ ਦੀ ਲੋੜ ਨਹੀਂ ਹੈ। ਕੇਂਦਰ ਨੇ ਕਿਹਾ, 'ਭਾਰਤ ਨੇ ਰੂਸੀ ਤੇਲ ਖਰੀਦਣ ਲਈ ਕਦੇ ਵੀ ਕਿਸੇ ਦੇਸ਼ ਦੀ ਇਜਾਜ਼ਤ 'ਤੇ ਭਰੋਸਾ ਨਹੀਂ ਕੀਤਾ। ਭਾਰਤ ਫਰਵਰੀ 2026 ਵਿੱਚ ਵੀ ਰੂਸ ਤੋਂ ਤੇਲ ਆਯਾਤ ਕਰ ਰਿਹਾ ਸੀ ਅਤੇ ਰੂਸ ਭਾਰਤ ਦਾ ਸਭ ਤੋਂ ਵੱਡਾ ਕੱਚਾ ਤੇਲ ਸਪਲਾਇਰ ਬਣਿਆ ਹੋਇਆ ਹੈ। ਰੂਸ-ਯੂਕਰੇਨ ਯੁੱਧ ਤੋਂ ਬਾਅਦ ਤਿੰਨ ਸਾਲਾਂ ਤੱਕ, ਭਾਰਤ ਨੇ ਅਮਰੀਕਾ ਅਤੇ ਯੂਰਪੀ ਸੰਘ ਦੇ ਇਤਰਾਜ਼ਾਂ ਦੇ ਬਾਵਜੂਦ ਰੂਸ ਤੋਂ ਤੇਲ ਖਰੀਦਣਾ ਜਾਰੀ ਰੱਖਿਆ। 2022 ਤੋਂ ਬਾਅਦ, (ਬਾਕੀ ਸਫਾ 11 'ਤੇ)

## ਪ੍ਰਵਾਸੀ ਮਜ਼ਦੂਰ ਦੀ ਬੱਚੀ ਨੂੰ ਖ਼ੂੰਖਾਰ ਆਦਮਖੋਰ ਕੁੱਤਿਆਂ ਨੇ ਨੋਚ-ਨੋਚ ਕੇ ਮਾਰਿਆ



ਖਮਾਣੋ, 7 ਮਾਰਚ (ਚ.ਨ.ਸ.):ਖਮਾਣੋ ਨੇੜਲੇ ਪਿੰਡ ਲੱਖਣਪੁਰ ਵਿਖੇ ਮੋਟਰ 'ਤੇ ਰਹਿੰਦੇ ਪ੍ਰਵਾਸੀ ਮਜ਼ਦੂਰ ਦੀ ਇਕ ਬੱਚੀ ਮਨੀਸ਼ਾ ਕੁਮਾਰੀ ਉਮਰ ਤਿੰਨ ਸਾਲ ਪੁੱਤਰੀ ਛੋਟੂ ਰਾਮ ਨੂੰ ਖ਼ੂੰਖਾਰ ਆਦਮਖੋਰ ਕੁੱਤਿਆਂ ਨੇ ਨੋਚ-ਨੋਚ ਕੇ ਮੌਤ ਦੇ ਘਾਟ ਉਤਾਰ ਦਿੱਤਾ। ਮ੍ਰਿਤਕ ਬੱਚੀ ਮਨੀਸ਼ਾ ਕੁਮਾਰੀ ਦੇ ਪਿਤਾ ਛੋਟੂ ਨੇ ਦੱਸਿਆ ਕਿ ਅਸੀਂ ਤਿੰਨ ਚਾਰ ਸਾਲਾਂ ਤੋਂ ਨੰਬਰਦਾਰ ਜਰਨੈਲ ਸਿੰਘ ਦੇ ਮੋਟਰ 'ਤੇ ਰਹਿੰਦੇ ਹਾਂ ਜਿੱਥੇ ਸਾਡੇ 12,13 ਦੇ ਕਰੀਬ ਨਿੱਕੇ-ਨਿੱਕੇ ਬੱਚੇ ਵੀ ਰਹਿੰਦੇ ਹਨ। ਉਕਤ ਬੱਚੇ ਜਿਵੇਂ ਹੀ ਨੇੜਲੀ ਮੋਟਰ ਤੋਂ ਪੀਣ ਲਈ ਪਾਣੀ ਲੈਣ ਗਏ ਤਾਂ ਮੇਰੀ ਬੱਚੀ ਮਨੀਸ਼ਾ ਕੁਮਾਰੀ ਬਾਕੀ ਬੱਚਿਆਂ ਨਾਲੋਂ ਵਿਛੜ ਗਈ ਜਿਸ ਨੂੰ ਖੂੰਖਾਰੂ ਕੁੱਤਿਆਂ ਨੇ ਘੇਰ ਲਿਆ ਤੇ ਨੋਚ-ਨੋਚ ਕੇ ਮੌਤ ਦੇ ਘਾਟ ਉਤਾਰ ਦਿੱਤਾ।

# ਭਾਰਤ ਨੇ 'ਈਰਿਸ ਲਾਵਾਨ' ਨੂੰ ਦਿੱਤੀ ਸੁਰੱਖਿਅਤ ਪਨਾਹ

**ਈਰਾਨ ਨੇ ਭਾਰਤ ਦਾ ਕੀਤਾ ਤਹਿ ਦਿਲੋਂ ਧੰਨਵਾਦ**



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ/ਕੋਚੀ , 7 ਮਾਰਚ: ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਾਲੇ ਵਧਦੇ ਗੰਭੀਰ ਟਕਰਾਅ ਦੇ ਦਰਮਿਆਨ ਭਾਰਤ ਨੇ ਇੱਕ ਵਾਰ ਫਿਰ ਆਪਣੀ ਮਨੁੱਖਤਾਵਾਦੀ ਪਹੁੰਚ ਦਾ ਸਬੂਤ ਦਿੱਤਾ ਹੈ। ਈਰਾਨ ਨੇ ਆਪਣੇ ਜਲ ਸੈਨਾ ਦੇ ਜਹਾਜ਼ 'ਈਰਿਸ ਲਾਵਾਨ' ਨੂੰ ਕੋਚੀ ਬੰਦਰਗਾਹ 'ਤੇ ਸੁਰੱਖਿਅਤ ਪਨਾਹ ਦੇਣ ਲਈ ਭਾਰਤ ਸਰਕਾਰ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ ਹੈ। ਇਹ ਜਹਾਜ਼ ਤਕਨੀਕੀ ਅਤੇ ਲੌਜਿਸਟਿਕ ਪ੍ਰਬੰਧਾਂ ਲਈ ਕੋਚੀ ਵਿਖੇ ਰੁਕਿਆ ਹੋਇਆ ਹੈ।

**ਰਾਜਦੂਤ ਨੇ ਕੀਤੀ ਭਾਰਤ ਦੀ ਸ਼ਲਾਘਾ:** ਭਾਰਤ 'ਚ ਈਰਾਨ ਦੇ ਰਾਜਦੂਤ ਮੁਹੰਮਦ ਫਤਾਲੀ ਨੇ ਕਿਹਾ ਕਿ ਭਾਰਤੀ ਅਧਿਕਾਰੀਆਂ ਵੱਲੋਂ ਇਨ੍ਹਾਂ ਮੁਸ਼ਕਲ ਹਾਲਾਤ ਵਿੱਚ ਦਿੱਤਾ ਗਿਆ ਸਹਿਯੋਗ ਦੋਵਾਂ ਦੇਸ਼ਾਂ ਦੇ ਪੁਰਾਣੇ ਅਤੇ ਦੋਸਤਾਨਾ ਸਬੰਧਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਭਾਰਤ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਪ੍ਰਗਟਾਇਆ। ਫਤਾਲੀ ਨੇ ਉਮੀਦ ਜਤਾਈ ਕਿ ਤਹਿਰਾਨ ਅਤੇ ਨਵੀਂ ਦਿੱਲੀ ਦੇ ਇਤਿਹਾਸਕ ਸਬੰਧ ਭਵਿੱਖ ਵਿੱਚ ਹੋਰ ਮਜ਼ਬੂਤ ਹੋਣਗੇ। (ਬਾਕੀ ਸਫਾ 11 'ਤੇ)

### ਰਾਏਸੀਨਾ ਡਾਇਲਾਗ-2026

# ਭਵਿੱਖ ਦੀਆਂ ਜੰਗਾਂ ਨੂੰ ਨਵਾਂ ਰੂਪ ਦੇਵੇਗਾ ਏ.ਆਈ.: ਅਨਿਲ ਚੌਹਾਨ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 7 ਮਾਰਚ: ਰਾਏਸੀਨਾ ਡਾਇਲਾਗ-2026 ਦੌਰਾਨ ਚੀਫ਼ ਆਫ਼ ਡਿਫੈਂਸ ਸਟਾਫ਼ (ਸੀ.ਡੀ.ਐਸ.) ਜਨਰਲ ਅਨਿਲ ਚੌਹਾਨ ਨੇ ਭਵਿੱਖ ਦੀ ਰਣਨੀਤੀ ਬਾਰੇ ਅਹਿਮ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਆਉਣ ਵਾਲੇ ਸਮੇਂ ਵਿੱਚ ਲੜਾਈ ਦੇ ਤਰੀਕਿਆਂ ਨੂੰ ਪੂਰੀ ਤਰ੍ਹਾਂ ਬਦਲ ਦੇਵੇਗੀ ਅਤੇ ਹੁਣ ਭਾਰਤ ਨੂੰ ਸਿਰਫ਼ ਹਥਿਆਰਾਂ ਦੀ ਹੀ ਨਹੀਂ, ਸਗੋਂ ਡਾਟਾ, ਨੈੱਟਵਰਕ ਅਤੇ ਇੰਟੈਲੀਜੈਂਸ ਦੀ ਸਖ਼ਤ ਲੋੜ ਹੈ।



ਸੀ.ਡੀ.ਐਸ. ਚੌਹਾਨ ਨੇ ਦੱਸਿਆ ਕਿ ਹੁਣ ਤੱਕ ਯੁੱਧ ਟੈਂਕਾਂ, ਜਹਾਜ਼ਾਂ ਅਤੇ ਪਣਡੁੱਬੀਆਂ ਵਰਗੇ ਪਲੇਟਫਾਰਮਾਂ 'ਤੇ ਅਧਾਰਿਤ ਹੁੰਦੇ ਸਨ ਪਰ ਹੁਣ ਰਣਨੀਤੀ ਬਦਲ ਰਹੀ ਹੈ। ਉਨ੍ਹਾਂ ਅਨੁਸਾਰ, ਹੁਣ ਸਾਨੂੰ ਡਾਟਾ, ਨੈੱਟਵਰਕ, ਇੰਟੈਗ੍ਰੇਸ਼ਨ ਅਤੇ ਇੰਟੈਲੀਜੈਂਸ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਉਨ੍ਹਾਂ ਨੇ ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗ ਦਾ ਉਦਾਹਰਣ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਸੰਘਰਸ਼ਾਂ ਨੇ ਸਾਬਤ ਕਰ ਦਿੱਤਾ ਹੈ ਕਿ ਏਆਈ ਰੱਖਿਆ ਪ੍ਰਣਾਲੀ ਵਿੱਚ ਕਿੰਨੀ ਅਹਿਮ ਭੂਮਿਕਾ ਨਿਭਾਉਂਦਾ ਹੈ।

ਜਨਰਲ ਚੌਹਾਨ ਨੇ ਖੁਲਾਸਾ ਕੀਤਾ ਕਿ ਭਾਰਤ ਰੱਖਿਆ ਖੇਤਰ ਵਿੱਚ ਏਆਈ ਦੀ ਵਰਤੋਂ ਕਰਨ ਲਈ ਹੌਲੀ-ਹੌਲੀ ਕਦਮ ਵਧਾ ਰਿਹਾ ਹੈ ਅਤੇ ਇੱਕ ਸਮਰਪਿਤ ਏਆਈ ਸੈੱਟਅੱਪ ਤਿਆਰ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਰੱਖਿਆ ਸਮਰੱਥਾਵਾਂ ਨੂੰ ਵਧਾਉਣ ਅਤੇ ਏਆਈ ਸਿਸਟਮਾਂ ਨੂੰ ਚਲਾਉਣ ਲਈ ਭਾਰੀ ਮਾਤਰਾ ਵਿੱਚ ਊਰਜਾ ਦੀ ਲੋੜ ਹੋਵੇਗੀ। ਇਸ ਸਬੰਧੀ ਵਿਗਿਆਨੀ ਵਿਵੇਕ ਲਾਲ ਨੇ ਕਿਹਾ ਕਿ ਨਿਊਕਲੀਅਰ ਰਿਐਕਟਰ ਘੱਟ ਜਗ੍ਹਾ ਵਿੱਚ ਸਥਿਰ ਬਿਜਲੀ ਪ੍ਰਦਾਨ ਕਰ ਸਕਦੇ ਹਨ, ਜੋ ਕਿ ਏਆਈ ਅਤੇ ਡਾਟਾ ਸਿਸਟਮਾਂ ਦੇ ਨਿਰੰਤਰ ਸੰਚਾਲਨ ਲਈ ਜ਼ਰੂਰੀ ਹਨ।

ਇਸ ਮੌਕੇ ਫਿਲੀਪੀਨਜ਼ ਦੇ ਜਨਰਲ ਰੋਮੀਓ ਐਸ ਬ੍ਰੋਨਰ ਜੂਨੀਅਰ ਨੇ ਵੀ ਆਪਣੀ ਸੈਨਾ ਲਈ ਇੱਕ ਸੁਤੰਤਰ ਊਰਜਾ ਢਾਂਚੇ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਫਿਲੀਪੀਨਜ਼ ਨੇ ਏਆਈ ਵਿਕਾਸ ਨੂੰ ਸਹਿਯੋਗ ਦੇਣ ਲਈ ਇੱਕ 500 ਮੈਗਾਵਾਟ ਦਾ ਡਾਟਾ ਸੈਂਟਰ ਅਤੇ ਨਿਊਕਲੀਅਰ ਪਲਾਂਟ ਲਗਾਉਣ ਵਰਗੀਆਂ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ। ਮਾਹਰਾਂ ਅਨੁਸਾਰ, ਡਾਟਾ ਕਿੱਥੇ ਪ੍ਰੋਸੈਸ ਕੀਤਾ ਜਾਂਦਾ ਹੈ ਅਤੇ ਇਸ ਦੀ ਸੁਰੱਖਿਆ ਕਿਵੇਂ ਕੀਤੀ ਜਾਂਦੀ ਹੈ, ਇਹ ਆਉਣ ਵਾਲੇ ਸਮੇਂ ਵਿੱਚ ਰਾਸ਼ਟਰੀ ਸੁਰੱਖਿਆ ਲਈ ਇੱਕ ਵੱਡੀ ਚੁਣੌਤੀ ਹੋਵੇਗੀ।

# ਮਾਨ ਵੱਲੋਂ ਪੰਜਾਬ ਦੀ ਉਦਯੋਗਿਕ ਤੇ ਵਪਾਰ ਵਿਕਾਸ ਨੀਤੀ ਦੀ ਸ਼ੁਰੂਆਤ

ਵਿਸ਼ਾਲ ਸ਼ਰਮਾ

================

ਲੁਧਿਆਣਾ,7 ਮਾਰਚ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਲੁਧਿਆਣਾ ਵਿਖੇ ਇਤਿਹਾਸਕ ਉਦਯੋਗਿਕ ਅਤੇ ਕਾਰੋਬਾਰ ਵਿਕਾਸ ਨੀਤੀ-2026 ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਕ੍ਰਾਂਤੀਕਾਰੀ ਸੁਧਾਰਾਂ ਅਤੇ ਉਦਯੋਗ ਦੀਆਂ ਲੋੜਾਂ ਅਨੁਸਾਰ ਤਿਆਰ ਪ੍ਰੋਤਸਾਹਨ ਢਾਂਚੇ ਰਾਹੀਂ ਪੰਜਾਬ ਨੂੰ ਦੇਸ਼ ਦਾ ਨੰਬਰ ਇਕ ਨਿਵੇਸ਼ ਸਥਾਨ ਬਣਾਉਣ ਲਈ ਦ੍ਰਿੜ ਹੈ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਨੇ ਉਦਯੋਗਿਕ ਵਿਕਾਸ 'ਚ ਤੇਜ਼ੀ ਲਿਆਉਣ, ਵੱਡੇ ਪੱਧਰ 'ਤੇ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਪੰਜਾਬ ਭਰ ਵਿੱਚ ਰੋਜ਼ਗਾਰ ਪੈਦਾ ਕਰਨ ਲਈ ਕ੍ਰਾਂਤੀਕਾਰੀ ਸੁਧਾਰਾਂ ਦੇ ਨਾਲ ਨਵੀਂ ਉਦਯੋਗਿਕ ਨੀਤੀ ਤਿਆਰ ਕੀਤੀ ਹੈ। ਇਹ ਆਖਦਿਆਂ ਕਿ ਪੰਜਾਬ ਵਿੱਚ ਪਹਿਲਾਂ ਹੀ ਰਿਕਾਰਡ ਨਿਵੇਸ਼ ਹੋ ਰਿਹਾ ਹੈ, ਮੁੱਖ ਮੰਤਰੀ ਨੇ ਕਿਹਾ ਕਿ ਇਹ ਨਵੀਂ ਨੀਤੀ ਨਿਵੇਸ਼ਕਾਂ ਨੂੰ 20 ਪ੍ਰੋਤਸਾਹਨ ਤੱਕ ਚੁਣਨ ਅਤੇ ਆਪਣੇ ਕਾਰੋਬਾਰੀ ਮਾਡਲਾਂ ਦੇ ਅਨੁਕੂਲ ਅਨੁਕੂਲਿਤ ਪੈਕੇਜ ਤਿਆਰ ਕਰਨ ਦੀ ਆਗਿਆ ਦਿੰਦੀ ਹੈ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਇਸ ਨੀਤੀ ਤਹਿਤ ਪੰਜਾਬ 'ਚ ਪਹਿਲੀ ਵਾਰ ਪੂੰਜੀ



ਸਬਸਿਡੀ ਪੇਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਇਹ ਸਥਿਰ ਪੂੰਜੀ ਨਿਵੇਸ਼ ਦੇ 100 ਫੀਸਦ ਤੱਕ ਪ੍ਰੋਤਸਾਹਨ ਦੀ ਪੇਸ਼ਕਸ਼ ਕਰਦੀ ਹੈ ਅਤੇ ਰੋਜ਼ਗਾਰ ਉੱਤਪਤੀ ਸਬਸਿਡੀ ਯੋਗਤਾ ਦੀ ਸ਼ਰਤ ਨੂੰ 25 ਕਰੋੜ ਰੁਪਏ ਨਿਵੇਸ਼ ਅਤੇ 50 ਕਾਮਿਆਂ ਤੱਕ ਘਟਾ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਨੀਤੀ ਉਦਯੋਗਿਕ ਪ੍ਰੋਤਸਾਹਨ ਕਾਰੋਬਾਰਾਂ ਲਈ ਵੱਡੀਆਂ ਸੰਭਾਵਨਾਵਾਂ ਨੂੰ ਖੋਲ੍ਹਦਿਆਂ ਨਿਰਮਾਣ, ਸੇਵਾਵਾਂ ਅਤੇ ਉੱਭਰ ਰਹੇ ਤਕਨਾਲੋਜੀ ਖੇਤਰਾਂ ਲਈ ਪੰਜਾਬ ਦੀ ਸਥਿਤੀ ਨੂੰ ਇੱਕ ਮੋਹਰੀ ਸਥਾਨ ਵਜੋਂ ਮਜ਼ਬੂਤ ਕਰਦੀ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਨੀਤੀ ਪੰਜਾਬ ਵਿੱਚ ਉਦਯੋਗਿਕ ਪ੍ਰੋਤਸਾਹਨ ਢਾਂਚੇ ਵਿੱਚ ਵੱਡੀ ਤਬਦੀਲੀ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦਾ ਹਰ ਦੂਜਾ ਰਾਜ ਨਿਵੇਸ਼ਕਾਂ ਨੂੰ ਇੱਕ ਨਿਰਧਾਰਤ ਪ੍ਰੋਤਸਾਹਨ ਸੂਚੀ ਪ੍ਰਦਾਨ ਕਰਦਾ ਹੈ, ਜਿਸ ਵਿੱਚ ਸਿਰਫ਼ ਅਪਨਾਉਣ ਜਾਂ ਛੱਡਣ ਦਾ ਵਿਕਲਪ ਹੁੰਦਾ ਹੈ, ਪਰ ਪੰਜਾਬ ਨੇ ਇਸ ਰੀਤ ਨੂੰ ਬਦਲ ਕੇ ਦਿਖਾਇਆ ਹੈ।

ਪੰਜਾਬ ਦੀ ਨਵੀਂ ਨੀਤੀ ਤਹਿਤ ਹੁਣ ਇੱਕ ਨਿਵੇਸ਼ਕ 20 ਪ੍ਰੋਤਸਾਹਨ ਤੱਕ ਲੈ ਸਕਦਾ ਹੈ ਅਤੇ ਆਪਣੇ ਕਾਰੋਬਾਰੀ ਮਾਡਲ ਦੇ ਅਨੁਕੂਲ ਇੱਕ ਪੈਕੇਜ ਬਣਾ ਸਕਦਾ ਹੈ।

ਇਸ ਪਹੁੰਚ ਦੇ ਪਿੱਛੇ ਦਾ ਤਰਕ ਸਮਝਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵੱਖ-ਵੱਖ ਉਦਯੋਗਾਂ ਦੀਆਂ ਵੱਖ-ਵੱਖ ਸੰਚਾਲਨ ਗਤੀਵਿਧੀਆਂ ਅਤੇ ਲਾਗਤ ਢਾਂਚੇ ਹੁੰਦੇ ਹਨ। ਜਿਵੇਂ ਫਾਰਮਾਸਿਊਟੀਕਲ ਕੰਪਨੀਆਂ ਨੂੰ ਇੱਕ ਈਵੀ ਨਿਰਮਾਤਾ ਨਾਲੋਂ ਵੱਖਰੇ ਸਮਰਥਨ ਦੀ ਲੋੜ ਹੁੰਦੀ ਹੈ ਅਤੇ ਇੱਕ ਡੇਟਾ ਸੈਂਟਰ ਦੀ ਇੱਕ ਟੈਕਸਟਾਈਲ ਪਲਾਂਟ ਨਾਲੋਂ ਵੱਖਰੀ ਲਾਗਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨਵੀਂ ਨੀਤੀ ਇਸ ਚੀਜ਼ ਨੂੰ ਮੰਨਦਿਆਂ ਉਦਯੋਗ ਦੀ ਲੋੜ ਅਨੁਸਾਰ ਹਰ ਚੀਜ਼ ਦੀ ਪੇਸ਼ਕਸ਼ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਢਾਂਚਾ ਨਿਵੇਸ਼ਕਾਂ ਨੂੰ ਉਨ੍ਹਾਂ ਦੇ ਖੇਤਰ, ਲਾਗਤ ਢਾਂਚੇ ਅਤੇ ਕਾਰਜਾਂ ਦੇ ਪੈਮਾਨੇ ਅਨੁਸਾਰ ਅਨੁਕੂਲ ਪ੍ਰੋਤਸਾਹਨ ਚੁਣਨ ਦੀ ਆਗਿਆ ਦਿੰਦਾ ਹੈ, ਜਿਸ ਦੀ ਮਦਦ ਨਾਲ ਉਹ ਆਪਣੇ ਪੈਕੇਜ ਨੂੰ ਆਪਣੇ ਲਾਗਤ ਢਾਂਚੇ ਅਤੇ ਲੋੜ ਅਨੁਸਾਰ ਅਨੁਕੂਲ ਬਣਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਸਹੂਲਤ ਨਵੀਂ ਨੀਤੀ ਤਹਿਤ ਪ੍ਰਦਾਨ ਕੀਤੀ ਗਈ ਹੈ, ਜੋ ਪਹਿਲਾਂ ਨਹੀਂ ਸੀ। ਨੀਤੀ ਦੀ ਇੱਕ ਹੋਰ ਵੱਡੀ ਵਿਸ਼ੇਸ਼ਤਾ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਕਾਰ ਨੇ ਪੂੰਜੀ ਸਬਸਿਡੀ ਪੇਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ 100 ਕਰੋੜ ਰੁਪਏ ਦੇ ਪਲਾਂਟ ਦੀ ਯੋਜਨਾ ਬਣਾ ਰਿਹਾ ਹੈ ਤਾਂ ਪੂੰਜੀ ਸਬਸਿਡੀ ਤੋਂ ਬਿਨਾਂ 100 ਕਰੋੜ ਰੁਪਏ ਉਸ ਲਈ ਆਪਣੇ ਜੋਖਮ ਦੇ ਆਧਾਰ 'ਤੇ ਹੈ। ਪੂੰਜੀ ਸਬਸਿਡੀ ਦੇ ਨਾਲ ਸਰਕਾਰ ਇੱਕ ਹਿੱਸਾ ਪਹਿਲਾਂ ਤੋਂ ਸਹਿ-ਨਿਵੇਸ਼ ਕਰਦੀ ਹੈ, ਜਿਸ ਨਾਲ ਜੋਖ਼ਮ ਘਟ ਜਾਂਦਾ ਹੈ। (ਬਾਕੀ ਸਫਾ 11 'ਤੇ)

## ਜੰਗ ਦਰਮਿਆਨ ਧੜੰਮ ਡਿੱਗੀਆਂ ਸੋਨੇ-ਚਾਂਦੀ ਦੀਆਂ ਕੀਮਤਾਂ

ਨਵੀਂ ਦਿੱਲੀ, 7 ਮਾਰਚ (ਚ.ਨ.ਸ.): ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਅਤੇ ਈਰਾਨ ਵਿਰੁੱਧ ਅਮਰੀਕਾ ਅਤੇ ਇਜ਼ਰਾਈਲੀ ਫੌਜੀ ਕਾਰਵਾਈ ਵਿਚਕਾਰ ਗਲੋਬਲ ਬਾਜ਼ਾਰ ਅਸਥਿਰ ਹੋ ਗਏ ਹਨ। ਆਮ ਤੌਰ 'ਤੇ ਜੰਗ ਜਾਂ ਭੂ-ਰਾਜਨੀਤਿਕ ਸੰਕਟਾਂ ਦੀ ਸਥਿਤੀ ਵਿਚ ਨਿਵੇਸ਼ਕ ਸੋਨੇ ਨੂੰ ਸੁਰੱਖਿਅਤ ਪਨਾਹਗਾਹ ਮੰਨਦੇ ਹਨ, ਜਿਸ ਨਾਲ ਕੀਮਤਾਂ ਵਿੱਚ ਵਾਧਾ ਹੁੰਦਾ ਹੈ। ਹਾਲਾਂਕਿ, ਇਸ ਵਾਰ ਸਥਿਤੀ ਇਸ ਦੇ ਉਲਟ ਜਾਪਦੀ ਹੈ। ਪੁਰਾਣੇ ਆਰਥਿਕ ਸਿਧਾਂਤ ਅਤੇ ਧਾਰਨਾਵਾਂ ਗਲਤ ਸਾਬਤ ਹੁੰਦੀਆਂ ਜਾਪਦੀਆਂ ਹਨ। ਯੁੱਧ ਦੇ ਬਾਵਜੂਦ, ਸੋਨੇ ਦੀਆਂ ਕੀਮਤਾਂ ਵਧਣ ਦੀ ਬਜਾਏ ਡਿੱਗ ਗਈਆਂ ਹਨ। ਫਰਵਰੀ ਦੇ ਅੰਤ ਵਿੱਚ, ਜਦੋਂ ਯੁੱਧ ਦੇ ਡਰ ਵਧ ਰਹੇ ਸਨ, ਸਪਾਟ ਸੋਨਾ ਲਗਭਗ 5,244 ਡਾਲਰ ਪ੍ਰਤੀ ਔਂਸ ਸੀ। ਹਾਲਾਂਕਿ, ਕੁਝ ਦਿਨਾਂ ਦੇ ਅੰਦਰ ਕੀਮਤਾਂ ਨਰਮ ਹੋ ਗਈਆਂ, 6 ਮਾਰਚ ਤੱਕ ਲਗਭਗ 5,120 ਡਾਲਰ ਪ੍ਰਤੀ ਔਂਸ ਤੱਕ ਪਹੁੰਚ ਗਈਆਂ। ਇਹ ਗਿਰਾਵਟ ਬਾਜ਼ਾਰ ਮਾਹਰਾਂ ਲਈ ਹੈਰਾਨੀਜਨਕ ਹੈ ਕਿਉਂਕਿ ਸੋਨੇ ਦੀ ਮੰਗ ਆਮ ਤੌਰ 'ਤੇ ਅਜਿਹੇ ਸੰਕਟਾਂ ਦੌਰਾਨ ਵਧ ਜਾਂਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਹਾਲ ਹੀ ਦੇ ਮਹੀਨਿਆਂ ਵਿੱਚ ਸੋਨੇ ਵਿੱਚ (ਬਾਕੀ ਸਫਾ 11 'ਤੇ)

# ਪੰਜਾਬ ਵਿੱਚ ਮਾਰਚ ਮਹੀਨੇ 'ਚ ਹੀ ਜੂਨ ਵਾਲੀ ਗਰਮੀ, ਤਾਪਮਾਨ 33 ਡਿਗਰੀ ਤੋਂ ਪਾਰ ਪੁੱਜਾ

**ਪਟਿਆਲਾ 'ਚ ਸਭ ਤੋਂ ਵੱਧ ਤਾਪਮਾਨ 33.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ**

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 7 ਮਾਰਚ:ਪੰਜਾਬ ਅਤੇ ਚੰਡੀਗੜ੍ਹ ਵਿਚ ਮਾਰਚ ਮਹੀਨੇ ਹੀ ਜੂਨ ਵਰਗੀ ਗਰਮੀ ਦਾ ਅਹਿਸਾਸ ਹੋ ਰਿਹਾ ਹੈ। ਪਿਛਲੇ 24 ਘੰਟਿਆਂ ਦੌਰਾਨ ਸੂਬੇ ਦਾ ਔਸਤ ਵੱਧ ਤੋਂ ਵੱਧ ਤਾਪਮਾਨ 0.3 ਡਿਗਰੀ ਸੈਲਸੀਅਸ ਘੱਟ ਗਿਆ ਹੈ, ਹਾਲਾਂਕਿ ਇਹ ਆਮ ਨਾਲੋਂ 7.5 ਡਿਗਰੀ ਸੈਲਸੀਅਸ ਵੱਧ ਰਿਹਾ। ਪਟਿਆਲਾ ਵਿੱਚ ਸਭ ਤੋਂ ਵੱਧ ਤਾਪਮਾਨ 33.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਦੌਰਾਨ, 12 ਮਾਰਚ ਤੱਕ ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਪੰਜਾਬ ਵਿਚ ਫ਼ਰਵਰੀ ਦੇ ਆਖ਼ਰੀ ਹਫ਼ਤੇ ਤੋਂ ਹੀ ਗਰਮੀ ਦਾ ਅਹਿਸਾਸ ਹੋਣ ਲੱਗ ਪਿਆ ਸੀ। ਸੂਬੇ ਭਰ ਦੇ ਸਾਰੇ ਸ਼ਹਿਰਾਂ ਵਿੱਚ ਤਾਪਮਾਨ 30 ਡਿਗਰੀ ਸੈਲਸੀਅਸ ਤੋਂ ਉੱਪਰ ਹੈ। ਪਟਿਆਲਾ ਵਿਚ ਸਭ ਤੋਂ ਵੱਧ ਤਾਪਮਾਨ 33.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ ਕਾਫ਼ੀ ਜ਼ਿਆਦਾ ਹੈ। ਇਸ ਤੋਂ ਇਲਾਵਾ, ਫਿਰੋਜ਼ਪੁਰ ਵਿੱਚ ਵੱਧ ਤੋਂ ਵੱਧ ਤਾਪਮਾਨ



33.0 ਸੈਲਸੀਅਸ, ਲੁਧਿਆਣਾ ਵਿੱਚ 32.8 ਸੈਲਸੀਅਸ ਅਤੇ ਅੰਮ੍ਰਿਤਸਰ ਵਿੱਚ 32.6 ਸੈਲਸੀਅਸ ਦਰਜ ਕੀਤਾ ਗਿਆ। ਰਾਤ ਦੇ ਤਾਪਮਾਨ ਵਿੱਚ ਵੀ ਵਾਧਾ ਹੋਇਆ। ਬਠਿੰਡਾ ਵਿੱਚ ਘੱਟੋ-ਘੱਟ ਤਾਪਮਾਨ 13.9 ਸੈਲਸੀਅਸ ਰਿਹਾ। ਮੌਸਮ ਵਿਭਾਗ ਦੇ ਡਾਇਰੈਕਟਰ ਦਾ ਕਹਿਣਾ ਹੈ ਕਿ ਸੂਬੇ ਵਿਚ ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। ਅਗਲੇ ਪੰਜ ਦਿਨਾਂ ਲਈ ਵੱਧ ਤੋਂ ਵੱਧ ਤਾਪਮਾਨ ਵਿਚ ਕੋਈ ਖਾਸ ਬਦਲਾਅ ਨਹੀਂ ਹੋਵੇਗਾ। ਅਗਲੇ ਦੋ ਦਿਨਾਂ ਵਿਚ ਤਾਪਮਾਨ ਵਿਚ ਲਗਭਗ 2-3 ਡਿਗਰੀ ਸੈਲਸੀਅਸ ਦੀ ਗਿਰਾਵਟ ਆ ਸਕਦੀ ਹੈ।

## ਵਪਾਰ ਸਮਝੌਤੇ ਤੋਂ ਬਾਅਦ ਭਾਰਤੀ ਡਾਟਾ ਸਰੋਤ ਅਮਰੀਕਾ ਹਵਾਲੇ ਕਰ ਦਿੱਤੇ ਗਏ: ਰਾਹੁਲ ਗਾਂਧੀ

ਤਿਰੂਵਨੰਤਪੁਰਮ, 7 ਮਾਰਚ (ਚ.ਨ.ਸ.): ਕਾਂਗਰਸ ਦੇ ਨੇਤਾ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਹੈ ਕਿ ਹਾਲ ਹੀ ਵਿਚ ਹੋਏ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਤਹਿਤ ਦੇਸ਼ ਦੇ ਕੀਮਤੀ ਡਾਟਾ ਸਰੋਤ ਅਮਰੀਕਾ ਨੂੰ ਸੌਂਪ ਦਿਤੇ ਗਏ ਹਨ। ਰਾਹੁਲ ਨੇ ਟੈਕਨੋਪਾਰਕ ਵਿਚ ਆਈ.ਟੀ. ਭਾਈਚਾਰੇ ਨਾਲ ਗੱਲਬਾਤ ਦੌਰਾਨ ਕਿਹਾ, "ਜੇ ਭਾਰਤ ਨੇ ਕਿਹਾ ਹੁੰਦਾ ਕਿ ਸਾਡਾ ਡਾਟਾ ਦੁਨੀਆਂ ਦਾ ਸੱਭ ਤੋਂ ਕੀਮਤੀ ਹੈ, ਤਾਂ ਕਿਸਾਨੀ ਉਤੇ ਕੋਈ ਟੈਕਸ ਨਾ ਹੁੰਦਾ, ਛੋਟੇ ਤੇ ਦਰਮਿਆਨੇ ਕਾਰੋਬਾਰਾਂ ਉਤੇ ਕੋਈ ਟੈਕਸ ਨਾ ਹੁੰਦਾ।"

ਉਨ੍ਹਾਂ ਨੇ ਜ਼ੋਰ ਦਿਤਾ ਕਿ ਕਿਸੇ ਵੀ ਗੱਲਬਾਤ ਵਿਚ ਜਾਣ ਤੋਂ ਪਹਿਲਾਂ ਇਹ ਜਾਣਨਾ ਲਾਜ਼ਮੀ ਹੈ ਕਿ ਸਾਡੇ ਕੋਲ ਕੀ ਹੈ। ਰਾਹੁਲ ਨੇ ਕਿਹਾ, "ਸਾਡੇ ਕੋਲ ਦੁਨੀਆਂ ਦਾ ਸੱਭ ਤੋਂ ਵੱਡਾ ਡਾਟਾ ਹੈ, ਸੱਭ ਤੋਂ ਵਧੀਆ ਇੰਜੀਨੀਅਰਿੰਗ ਤੇ ਮੈਡੀਕਲ ਹੁਨਰ ਹੈ। ਕੇਰਲ ਸੱਭ ਤੋਂ ਵਧੀਆ ਨਰਸਾਂ ਪੈਦਾ ਕਰਦਾ ਹੈ। ਹੁਣ ਮੇਰੇ ਨਾਲ ਗੱਲਬਾਤ ਕਰੋ, ਪਰ ਇਹ ਸਮਝ ਕੇ ਕਿ ਮੇਰੇ ਕੋਲ ਕੀ ਹੈ।" ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਜਿਵੇਂ ਰੂਸ ਅਪਣਾ (ਬਾਕੀ ਸਫਾ 11 'ਤੇ)

## ਸੰਪਾਦਕੀ

# ਯੁੱਧ ਦਾ ਵਧਦਾ ਦਾਇਰਾ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਈਰਾਨ ’ਤੇ ਇਜ਼ਰਾਈਲ-ਅਮਰੀਕੀ ਸਾਂਝੇ ਹਮਲੇ ਤੋਂ ਬਾਅਦ ਸਥਿਤੀ ਹੋਰ ਗੁੰਝਲਦਾਰ ਹੁੰਦੀ ਜਾ ਰਹੀ ਹੈ ਅਤੇ ਦੋਵਾਂ ਧਿਰਾਂ ਵਿਚਕਾਰ ਵਧਦਾ ਤਣਾਅ ਸ਼ਾਂਤੀ ਦੀ ਉਮੀਦ ਨੂੰ ਮੱਧਮ ਕਰ ਰਿਹਾ ਹੈ। ਹਾਲਾਂਕਿ, ਇਸ ਸਥਿਤੀ ਵਿੱਚ ਵੀ ਦੁਨੀਆ ਦੇ ਜ਼ਿਆਦਾਤਰ ਦੇਸ਼ ਚਾਹੁੰਦੇ ਹਨ ਕਿ ਇਹ ਯੁੱਧ ਬੰਦ ਹੋਵੇ ਅਤੇ ਵਿਵਾਦ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ। ਵਿਅੰਗਾਤਮਕ ਤੌਰ ’ਤੇ, ਈਰਾਨ ਵਿੱਚ ਪ੍ਰਮਾਣੂ ਹਥਿਆਰਾਂ ਦਾ ਮੁੱਦਾ ਅਮਰੀਕਾ ਲਈ ਇੱਕ ਵੱਡਾ ਮੁੱਦਾ ਹੈ, ਫਿਰ ਵੀ ਉਹ ਇਸਨੂੰ ਗੱਲਬਾਤ ਰਾਹੀਂ ਹੱਲ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਉਂਦਾ। ਇਸ ਦੇ ਉਲਟ, ਇਜ਼ਰਾਈਲ ਦੇ ਸਹਿਯੋਗ ਨਾਲ ਅਮਰੀਕਾ ਨੇ ਜੋ ਯੁੱਧ ਸ਼ੁਰੂ ਕੀਤਾ ਹੈ, ਉਸ ਦੇ ਪੈਮਾਨੇ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ। ਖਾਸ ਤੌਰ ’ਤੇ ਈਰਾਨ ਦੇ ਇਸ ਪ੍ਰਤੀ ਜਵਾਬ, ਇਜ਼ਰਾਈਲੀ ਅਤੇ ਅਮਰੀਕੀ ਫੌਜੀ ਠਿਕਾਣਿਆਂ ’ਤੇ ਇਸ ਦੇ ਵਿਆਪਕ ਹਮਲਿਆਂ ਨੂੰ ਦੇਖਦੇ ਹੋਏ ਇਹ ਸਪੱਸ਼ਟ ਤੌਰ ’ਤੇ ਸ਼ਾਂਤੀ ਸਥਾਪਤ ਕਰਨ ਵਿੱਚ ਦੋਵਾਂ ਧਿਰਾਂ ਦੀ ਦਿਲਚਸਪੀ ਦੀ ਘਾਟ ਨੂੰ ਦਰਸਾਉਂਦਾ ਹੈ। ਨਤੀਜੇ ਵਜੋਂ ਦੁਨੀਆ ਭਰ ਵਿੱਚ ਡੂੰਘੀ ਚਿੰਤਾ ਹੈ ਕਿ ਯੁੱਧ ਦਾ ਦਾਇਰਾ ਵਧ ਸਕਦਾ ਹੈ! ਅਜਿਹੀ ਸਥਿਤੀ ਵਿੱਚ, ਤਣਾਅ ਨੂੰ ਘੱਟ ਕਰਨ ਲਈ ਭਾਰਤ ਦਾ ਸੰਜਮ, ਗੱਲਬਾਤ ਅਤੇ ਕੂਟਨੀਤੀ ਦਾ ਸੱਦਾ ਸਮੇਂ ਦੀ ਲੋੜ ਹੈ। ਹਾਲਾਂਕਿ, ਭਾਰਤ ਨੇ ਰਵਾਇਤੀ ਤੌਰ ’ਤੇ ਸ਼ਾਂਤੀ ਦਾ ਸਮਰਥਨ ਕੀਤਾ ਹੈ ਅਤੇ ਵਿਸ਼ਵਾਸ ਕਰਦਾ ਹੈ ਕਿ ਸਮੱਸਿਆਵਾਂ ਦੇ ਹੱਲ, ਭਾਵੇਂ ਕਿੰਨੇ ਵੀ ਗੁੰਝਲਦਾਰ ਹੋਣ, ਗੱਲਬਾਤ ਅਤੇ ਕੂਟਨੀਤਕ ਦਖਲਅੰਦਾਜ਼ੀ ਰਾਹੀਂ ਲੱਭੇ ਜਾ ਸਕਦੇ ਹਨ। ਇਸ ਸੰਦਰਭ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪੱਛਮੀ ਏਸ਼ੀਆ ਦੀ ਸਥਿਤੀ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ; ਫੌਜੀ ਟਕਰਾਅ ਕਿਸੇ ਵੀ ਵਿਵਾਦ ਦਾ ਹੱਲ ਨਹੀਂ ਹੈ। ਭਾਰਤ ਨੇ ਇਸ ਟਕਰਾਅ ਤੋਂ ਪ੍ਰਭਾਵਿਤ ਕਈ ਦੇਸ਼ਾਂ ਨਾਲ ਸੰਪਰਕ ਕੀਤਾ ਹੈ, ਸ਼ਾਂਤੀ ਦੀ ਵਕਾਲਤ ਕੀਤੀ ਹੈ ਅਤੇ ਉਨ੍ਹਾਂ ਨੂੰ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ ਹੈ। ਇਸ ਤੋਂ ਪਹਿਲਾਂ, ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਵੀ ਇਸ ਯੁੱਧ ਦੀ ਨਿੰਦਾ ਕੀਤੀ ਹੈ ਅਤੇ ਦੋਵਾਂ ਧਿਰਾਂ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ। ਇਹ ਅਫਸੋਸ ਦੀ ਗੱਲ ਹੈ ਕਿ, ਸਾਰੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਟਕਰਾਅ ਵਿੱਚ ਸ਼ਾਮਲ ਦੇਸ਼ ਸਮੂਹਿਕ ਵਿਨਾਸ਼ ਦੇ ਹਥਿਆਰਾਂ ਨਾਲ ਹਮਲਾ ਕਰਦੇ ਰਹਿੰਦੇ ਹਨ, ਇਸ ਤੱਥ ’ਤੇ ਵਿਚਾਰ ਕੀਤੇ ਬਿਨਾਂ ਕਿ ਉਨ੍ਹਾਂ ਨੇ ਇੱਕ ਸਕੂਲ ’ਤੇ ਬੰਬ ਸੁੱਟਿਆ, ਜਿਸ ਨਾਲ ਬਹੁਤ ਸਾਰੇ ਮਾਸੂਮ ਵਿਦਿਆਰਥੀ ਮਾਰੇ ਗਏ। ਸਵਾਲ ਇਹ ਹੈ ਕਿ, ਉਹ ਕਿਹੜੀ ਸਮੱਸਿਆ ਹੈ, ਜਿਸ ਨੂੰ ਸਮੂਹਿਕ ਵਿਨਾਸ਼ ਦੇ ਹਥਿਆਰਾਂ ਨਾਲ ਹੱਲ ਕਰਨਾ ਚਾਹੀਦਾ ਹੈ? ਇਹ ਕਿਉਂ ਹੈ ਕਿ, ਲੰਬੇ ਸਮੇਂ ਦੀਆਂ ਜੰਗਾਂ ਅਤੇ ਵਿਸ਼ਾਲ ਤਬਾਹੀ ਤੋਂ ਬਾਅਦ, ਹੱਲ ਅਕਸਰ ਗੱਲਬਾਤ ਦੀ ਮੇਜ਼ ’ਤੇ ਲੱਭੇ ਜਾਂਦੇ ਹਨ? ਇਹ ਜ਼ਿਆਦਾਤਰ ਯੁੱਧਾਂ ਬਾਰੇ ਸੱਚ ਹੈ ਤਾਂ ਸਾਰੇ ਮਤਭੇਦਾਂ ਅਤੇ ਅਸਹਿਮਤੀ ਦੇ ਬਾਵਜੂਦ, ਉਨ੍ਹਾਂ ਤੋਂ ਕਿਉਂ ਨਹੀਂ ਸਿੱਖਦੇ ਅਤੇ ਗੱਲਬਾਤ ਰਾਹੀਂ ਵਿਵਾਦ ਦਾ ਹੱਲ ਕਿਉਂ ਨਹੀਂ ਲੱਭਦੇ? ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋਸ਼ ਲਗਾਇਆ ਹੈ ਕਿ ਈਰਾਨ ਪ੍ਰਮਾਣੂ ਹਥਿਆਰ ਵਿਕਸਤ ਕਰ ਰਿਹਾ ਹੈ। ਪਰ ਜੇਨੇਵਾ ਗੱਲਬਾਤ ਨੂੰ ਅੱਗੇ ਵਧਾਉਣ ਅਤੇ ਹੱਲ ਲੱਭਣ ਦੀ ਬਜਾਏ, ਯੁੱਧ ਨੂੰ ਆਖਰੀ ਉਪਾਅ ਕਿਉਂ ਮੰਨਿਆ ਗਿਆ? ਖਾਸ ਕਰਕੇ ਜਦੋਂ ਈਰਾਨ ਦਾ ਰੁਖ਼ ਨਰਮ ਹੋ ਰਿਹਾ ਸੀ ਅਤੇ ਸੰਕੇਤ ਮਿਲ ਰਹੇ ਸਨ ਕਿ ਸਮਝੌਤਾ ਸੰਭਵ ਹੈ। ਸਪੱਸ਼ਟ ਤੌਰ ’ਤੇ ਗੱਲਬਾਤ ਰਾਹੀਂ ਵਿਵਾਦ ਨੂੰ ਹੱਲ ਕਰਨ ਲਈ ਹਾਲਾਤ ਬਣਾਏ ਜਾ ਰਹੇ ਸਨ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਯੁੱਧ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ, ਸਗੋਂ ਆਪਣੇ ਆਪ ਵਿੱਚ ਇੱਕ ਗੁੰਝਲਦਾਰ ਸਮੱਸਿਆ ਹੈ। ਇਸ ਲਈ, ਹਰ ਹਾਲਤ ਵਿੱਚ, ਗੱਲਬਾਤ ਅਤੇ ਕੂਟਨੀਤੀ ਰਾਹੀਂ ਵਿਵਾਦ ਨੂੰ ਹੱਲ ਕਰਨ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ।

**-ਜਗਜੀਤ ਸਿੰਘ ਦਰਦੀ**

### ਬੰਗਲ ਵਿੱਚ ਰਾਸ਼ਟਰਪਤੀ ਪ੍ਰੋਟੋਕੋਲ ਮਸਲਾ

# ਭਾਰਤੀ ਰਾਜਨੀਤੀ ਵਿੱਚ ਪ੍ਰੋਟੋਕੋਲ ਅਤੇ ਸੰਵਿਧਾਨਕ ਮਾਨਤਾਵਾਂ ਦਾ ਪਤਨ

## ਰਾਜਾਂ ਦੇ ਮੁੱਖ ਮੰਤਰੀ ਰਾਸ਼ਟਰਪਤੀ ਪ੍ਰਧਾਨ ਮੰਤਰੀ ਤੋਂ ਵੀ ਉੱਪਰ ਸਮਝਦੇ ਹਨ ਆਪਣੇ ਆਪ ਨੂੰ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਇਹ ਕਿਹੋ ਜਿਹੀ ਰਾਜਨੀਤੀ ਹੈ ਦੇਸ਼ ਦੀ ਅੱਜ।

ਅੱਜ ਇਹ ਇੱਕ ਘਟੀਆ ਪੱਧਰ ਤੱਕ ਪਹੁੰਚੀ ਹੈ ਅਤੇ ਸਿਆਸਤ ਭਾਰਤੀ ਰਾਜਨੀਤੀ ਦਾ ਪੱਧਰ ਅੱਜ ਇੰਨਾ ਨੀਵਾਂ ਹੋ ਚੁੱਕਾ ਹੈ ਕਿ ਸੰਵਿਧਾਨਕ ਅਹੁਦੇ ਵੀ ਰਾਜਨੀਤਿਕ ਵੈਰ-ਵਿਰੋਧ ਦੀ ਭੇਂਟ ਚੜ੍ਹ ਰਹੇ ਹਨ। ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵਰਗੇ ਉੱਚ ਅਹੁਦਿਆਂ ਨੂੰ ਵੀ ਗਾਲੀ-ਗਲੋਚ ਅਤੇ ਅਣਗਹਿਲੀ ਨਾਲ ਨਜਿੱਠਣ ਵਾਲੇ ਰਾਜ ਨੇਤਾ ਅੱਜ ਆਪਣੇ ਘਟੀਆ ਰਵੱਈਏ ਨਾਲ ਦੇਸ਼ ਦੀ ਸਿਆਸੀ ਵਿਰਾਸਤ ਨੂੰ ਕਲੰਕਿਤ ਕਰ ਰਹੇ ਹਨ।

ਅੱਜ ਕੁਝ ਰਾਜਾਂ ਦੇ ਮੁੱਖ ਮੰਤਰੀ, ਵਿਸ਼ੇਸ਼ ਤੌਰ ’ਤੇ ਤਾਮਿਲਨਾਡੂ ਦੇ ਐੱਮ.ਕੇ. ਸਟਾਲਿਨ ਅਤੇ ਪੱਛਮੀ ਬੰਗਾਲ ਦੀ ਮਮਤਾ ਬੈਨਰਜੀ, ਆਪਣੇ ਵਿਰੋਧੀ ਰਾਜਨੀਤਿਕ ਨਜ਼ਰੀਏ ਕਾਰਨ ਪ੍ਰੋਟੋਕੋਲ ਨੂੰ ਨਹੀਂ ਮੰਨ ਰਹੇ, ਜੋ ਨਾ ਕੇਵਲ ਖਤਰਨਾਕ ਹੈ ਬਲਕਿ ਸੰਵਿਧਾਨਕ ਵਿਵਸਥਾ ਨੂੰ ਚੁਣੌਤੀ ਵੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਇਸ ਸੂਚੀ ਵਿੱਚ ਸ਼ਾਮਲ ਹਨ, ਜੋ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੇ ਦੌਰਿਆਂ ’ਤੇ ਹਾਜ਼ਰ ਨਹੀਂ ਹੁੰਦੇ।

ਕੱਲ੍ਹ 7 ਮਾਰਚ 2026 ਨੂੰ ਪੱਛਮੀ ਬੰਗਾਲ ਵਿੱਚ ਵਾਪਰੀ ਘਟਨਾ ਅਤੇ ਪੰਜਾਬ ਵਿੱਚ ਅੰਮ੍ਰਿਤਸਰ ਵਿਖੇ ਰਾਸ਼ਟਰਪਤੀ ਨੂੰ ਅਣਗਹਿਲੀ ਕਰਨ ਵਾਲੀ ਘਟਨਾ ਨੂੰ ਜੋੜ ਕੇ ਵੇਖੀਏ ਤਾਂ ਇਹ ਸਪੱਸ਼ਟ ਹੈ ਕਿ ਭਾਰਤੀ ਰਾਜਨੀਤੀ ਵਿੱਚ ਸੰਵਿਧਾਨਕ ਪ੍ਰੋਟੋਕੋਲ ਅਤੇ ਮਾਨਤਾਵਾਂ ਖਤਮ ਹੋ ਰਹੀਆਂ ਹਨ। ਇਹ ਨਾ ਕੇਵਲ ਰਾਜ ਨੇਤਾਵਾਂ ਦੀਆਂ ਗੰਦੀਆਂ ਹਰਕਤਾਂ ਹਨ ਬਲਕਿ ਦੇਸ਼ ਦੀ ਜਮਹੂਰੀ ਵਿਵਸਥਾ ਲਈ ਘਾਤਕ ਵੀ ਹਨ। ਅਸੀਂ ਇਹਨਾਂ ਮੁੱਦਿਆਂ ਨੂੰ ਡੂੰਘਾਈ ਨਾਲ ਵਿਚਾਰਾਂਗੇ ਅਤੇ ਤਿੱਖੇ ਸੁਰ ਵਿੱਚ ਇਹ ਵਿਖਾਵਾਂਗੇ ਕਿ ਕਿਵੇਂ ਇਹ ਘਟੀਆਪਣ ਭਾਰਤ ਨੂੰ ਅੰਦਰੂਨੀ ਤੌਰ ’ਤੇ ਕਮਜ਼ੋਰ ਕਰ ਰਿਹਾ ਹੈ।

ਭਾਰਤੀ ਸੰਵਿਧਾਨ ਵਿੱਚ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵਰਗੇ ਅਹੁਦੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਪ੍ਰਤੀਕ ਹਨ। ਆਰਟੀਕਲ 53 ਅਨੁਸਾਰ ਰਾਸ਼ਟਰਪਤੀ ਦੇਸ਼ ਦਾ ਪਹਿਲਾ ਨਾਗਰਿਕ ਹੈ ਅਤੇ ਉਸ ਨੂੰ ਸਾਰੇ ਰਾਜਾਂ ਵਿੱਚ ਸਮਾਨ ਸਨਮਾਨ ਮਿਲਣਾ ਚਾਹੀਦਾ ਹੈ। ਪ੍ਰੋਟੋਕੋਲ ਅਨੁਸਾਰ ਜਦੋਂ ਰਾਸ਼ਟਰਪਤੀ ਕਿਸੇ ਰਾਜ ਵਿੱਚ ਜਾਂਦੇ ਹਨ ਤਾਂ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀਆਂ ਨੂੰ ਉਨ੍ਹਾਂ ਨੂੰ ਸਵਾਗਤ ਕਰਨਾ ਲਾਜ਼ਮੀ ਹੈ। ਇਹ ਨਾ ਕੇਵਲ ਰਸਮੀ ਹੈ ਬਲਕਿ ਸੰਵਿਧਾਨਕ ਜ਼ਿੰਮੇਵਾਰੀ ਵੀ ਹੈ। ਅੱਜ ਕੱਲ੍ਹ ਇਹ ਪ੍ਰੋਟੋਕੋਲ ਵਿਰੋਧੀ ਪਾਰਟੀਆਂ ਦੇ ਵਿਰੋਧ ਵਿੱਚ ਭੁੱਲ ਜਾਂਦੇ ਹਨ। ਅੱਜ ਦੀ ਬੰਗਾਲ ਘਟਨਾ ਇਸ ਦੀ ਸਭ ਤੋਂ ਤਾਜ਼ਾ ਮਿਸਾਲ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ 9ਵੇਂ ਅੰਤਰਰਾਸ਼ਟਰੀ ਸਾਂਥਲ ਕਾਨਫਰੰਸ ਲਈ ਪੱਛਮੀ ਬੰਗਾਲ ਪਹੁੰਚੇ ਸਨ ਪਰ ਮਮਤਾ ਬੈਨਰਜੀ ਅਤੇ ਉਨ੍ਹਾਂ ਦੇ ਕਿਸੇ ਵੀ ਮੰਤਰੀ ਨੇ ਉਨ੍ਹਾਂ ਨੂੰ ਸਵਾਗਤ ਨਹੀਂ ਕੀਤਾ। ਵੈਨਿਊ ਵੀ ਛੋਟੇ ਵਿੱਚ ਬਦਲ ਦਿੱਤਾ ਗਿਆ, ਜਿਸ ਨਾਲ ਰਾਸ਼ਟਰਪਤੀ ਨੂੰ ਨਿਰਾਸ਼ਾ ਹੋਈ। ਉਨ੍ਹਾਂ ਨੇ ਖੁੱਲ੍ਹ ਕੇ ਕਿਹਾ ਕਿ ‘ਮਮਤਾ ਦੀਦੀ ਮੇਰੀ ਭੈਣ ਵਾਂਗ ਹੈ, ਸ਼ਾਇਦ ਉਹ ਮੇਰੇ ਨਾਲ ਨਾਰਾਜ਼ ਹੈ’। ਇਹ ਨਾ ਕੇਵਲ ਪ੍ਰੋਟੋਕੋਲ ਦੀ ਉਲੰਘਣਾ ਹੈ ਬਲਕਿ ਰਾਸ਼ਟਰਪਤੀ ਵਰਗੇ ਅਹੁਦੇ ਨੂੰ ਅਪਮਾਨ ਵੀ ਹੈ। ਮਮਤਾ ਬੈਨਰਜੀ ਦਾ ਇਹ ਰਵੱਈਆ ਉਨ੍ਹਾਂ ਦੀ ਰਾਜਨੀਤਿਕ ਹੰਕਾਰ ਨੂੰ ਦਰਸਾਉਂਦਾ ਹੈ, ਜੋ ਕੇਂਦਰ ਨਾਲ ਵਿਰੋਧ ਕਾਰਨ ਦੇਸ਼ ਦੇ ਸੰਵਿਧਾਨ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਇਹ ਘਟੀਆਪਣ ਹੈ ਜੋ ਭਾਰਤੀ ਜਮਹੂਰੀਅਤ ਨੂੰ ਕਮਜ਼ੋਰ ਕਰਦਾ ਹੈ।

ਇਸੇ ਤਰ੍ਹਾਂ ਪੰਜਾਬ ਵਿੱਚ ਵੀ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਜਨਵਰੀ 2026 ਵਿੱਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਵਾਲੀਆਂ ਸਨ। ਪਰ ਮੁੱਖ ਮੰਤਰੀ ਭਗਵੰਤ ਮਾਨ ਨੇ ਉਥੇ ਹਾਜ਼ਰ ਨਹੀਂ ਹੋਣਾ ਚਾਹਿਆ। ਉਹ ਅਕਾਲ ਤਖਤ ਸਾਹਿਬ ਵਿਖੇ ਸੰਮਨ ਕਾਰਨ ਗਏ ਸਨ, ਪਰ ਇਹ ਬਹਾਨਾ ਕੇਵਲ ਰਾਜਨੀਤਿਕ ਹੈ। ਇਸ ਤੋਂ ਪਹਿਲਾਂ 2022 ਵਿੱਚ ਚੰਡੀਗੜ੍ਹ ਵਿੱਚ ਰਾਸ਼ਟਰਪਤੀ ਦੇ ਸਵਾਗਤ ਸਮਾਰੋਹ ਵਿੱਚ ਵੀ ਮਾਨ ਨਹੀਂ ਪਹੁੰਚੇ ਸਨ। ਗਵਰਨਰ ਨੇ ਇਸ ਨੂੰ ਅਣਗਹਿਲੀ ਕਿਹਾ ਅਤੇ ਵਿਰੋਧੀ ਪਾਰਟੀਆਂ ਨੇ ਇਸ ਨੂੰ ਅਨਾਰਕੀ ਵਜੋਂ ਵਰਣਨ ਕੀਤਾ। ਭਗਵੰਤ ਮਾਨ ਦਾ ਇਹ ਰਵੱਈਆ ਪੰਜਾਬ ਨੂੰ ਕੇਂਦਰ ਨਾਲ ਵਿਰੋਧ ਵਿੱਚ ਘਸੀਟਦਾ ਹੈ ਅਤੇ ਸੰਵਿਧਾਨਕ ਪ੍ਰੋਟੋਕੋਲ ਨੂੰ ਨਜ਼ਰਅੰਦਾਜ਼ ਕਰਦਾ ਹੈ। ਆਮ ਆਦਮੀ ਪਾਰਟੀ ਦੀ ਇਹ ਅਨਾਰਕੀ ਵਾਲੀ ਸੋਚ ਦੇਸ਼ ਲਈ ਖਤਰਨਾਕ ਹੈ, ਜੋ ਰਾਜ ਨੂੰ ਵਿਅਕਤੀਗਤ ਰਾਜਨੀਤੀ ਦਾ ਸ਼ਿਕਾਰ ਬਣਾ ਰਹੀ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਵੀ ਇਸ ਸੂਚੀ ਵਿੱਚ ਸ਼ਾਮਲ ਹਨ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਵਾਰ-ਵਾਰ ਨਿਸ਼ਾਨਾ ਬਣਾਇਆ ਹੈ ਅਤੇ ਗਵਰਨਰ ਨਾਲ ਵੀ ਵਿਵਾਦ ਵਧਾਏ ਹਨ। 2023 ਵਿੱਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਭ੍ਰਿਸ਼ਟਾਚਾਰ ’ਤੇ ਬੋਲਣ ਦਾ ਅਧਿਕਾਰ ਨਹੀਂ ਕਿਹਾ ਸੀ, ਜੋ ਰਾਜਨੀਤਿਕ ਵਿਰੋਧ ਨੂੰ ਵਿਅਕਤੀਗਤ ਪੱਧਰ ਤੱਕ ਲੈ ਜਾਂਦਾ ਹੈ। ਹਾਲਾਂਕਿ ਸਿੱਧੀ ਪ੍ਰੋਟੋਕੋਲ ਉਲੰਘਣਾ ਨਹੀਂ ਮਿਲੀ, ਪਰ ਉਨ੍ਹਾਂ ਦਾ ਰਵੱਈਆ ਕੇਂਦਰ ਨਾਲ ਸਹਿਯੋਗ ਨੂੰ ਨੁਕਸਾਨ ਪਹੁੰਚਾਉਂਦਾ ਹੈ। ਸਟਾਲਿਨ ਨੇ ਹੋਰ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਵੀ ਕੇਂਦਰ ਵਿਰੋਧੀ ਗਠਜੋੜ ਲਈ ਉਕਸਾਇਆ ਹੈ, ਜੋ ਫੈਡਰਲ ਵਿਵਸਥਾ ਨੂੰ ਚੁਣੌਤੀ ਹੈ। ਇਹ ਰਵੱਈਆ ਨਾ ਕੇਵਲ ਘਟੀਆ ਹੈ ਬਲਕਿ ਰਾਜਨੀਤੀ ਨੂੰ ਵੰਡਣ ਵਾਲਾ ਵੀ ਹੈ।

ਮਮਤਾ ਬੈਨਰਜੀ ਦਾ ਰਵੱਈਆ ਵੀ ਘੱਟ ਨਹੀਂ। ਉਹ ਵਾਰ-ਵਾਰ ਪ੍ਰਧਾਨ ਮੰਤਰੀ ਅਤੇ ਕੇਂਦਰ ਨੂੰ ਨਿਸ਼ਾਨਾ ਬਣਾਉਂਦੀ ਹੈ ਅਤੇ ਅੱਜ ਦੀ ਘਟਨਾ ਵਿੱਚ ਰਾਸ਼ਟਰਪਤੀ ਨੂੰ ਅਣਗਹਿਲੀ ਕਰਕੇ ਨਵਾਂ ਪੱਧਰ ਛੂਹ ਲਿਆ ਹੈ। ਇਹ ਨਾ ਕੇਵਲ ਪ੍ਰੋਟੋਕੋਲ ਦੀ ਉਲੰਘਣਾ ਹੈ ਬਲਕਿ ਰਾਜਨੀਤਿਕ ਹੰਕਾਰ ਵੀ ਹੈ। ਬੰਗਾਲ ਵਿੱਚ ਵੈਨਿਊ ਬਦਲਣ ਅਤੇ ਸਵਾਗਤ ਨਾ ਕਰਨ ਨਾਲ ਰਾਸ਼ਟਰਪਤੀ ਨੂੰ ਨਿਰਾਸ਼ਾ ਹੋਈ ਅਤੇ ਉਨ੍ਹਾਂ ਨੇ ਖੁੱਲ੍ਹ ਕੇ ਇਸ ਨੂੰ ਉਜਾਗਰ ਕੀਤਾ। ਇਹ ਘਟਨਾ ਦਰਸਾਉਂਦੀ ਹੈ ਕਿ ਕਿਵੇਂ ਰਾਜ ਨੇਤਾ ਆਪਣੇ ਵਿਰੋਧ ਵਿੱਚ ਸੰਵਿਧਾਨ ਨੂੰ ਭੁੱਲ ਜਾਂਦੇ ਹਨ।

ਇਹਨਾਂ ਘਟਨਾਵਾਂ ਨੂੰ ਜੋੜ ਕੇ ਵੇਖੀਏ ਤਾਂ ਭਾਰਤੀ ਰਾਜਨੀਤੀ ਵਿੱਚ ਪ੍ਰੋਟੋਕੋਲ ਅਤੇ ਸੰਵਿਧਾਨਕ ਮਾਨਤਾਵਾਂ ਦਾ ਪਤਨ ਸਪੱਸ਼ਟ ਹੈ। ਆਰਟੀਕਲ 153 ਅਨੁਸਾਰ ਗਵਰਨਰ ਅਤੇ ਮੁੱਖ ਮੰਤਰੀ ਵਿਚਕਾਰ ਸਹਿਯੋਗ ਲਾਜ਼ਮੀ ਹੈ, ਪਰ ਅੱਜ ਰਾਜ ਨੇਤਾ ਇਸ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। 2024-2026 ਵਿੱਚ ਅਜਿਹੀਆਂ ਘਟਨਾਵਾਂ ਵਧੀਆਂ ਹਨ, ਜਿਵੇਂ ਅਸਮ ਵਿੱਚ ਮੁੱਖ ਮੰਤਰੀ ਵੱਲੋਂ ਸੰਵਿਧਾਨਕ ਉਲੰਘਣਾ ਅਤੇ ਹੋਰ ਰਾਜਾਂ ਵਿੱਚ ਗਵਰਨਰ-ਸੀਐੱਮ ਵਿਵਾਦ। ਇਹ ਨਾ ਕੇਵਲ ਘਟੀਆਪਣ ਹੈ ਬਲਕਿ ਦੇਸ਼ ਨੂੰ ਵੰਡਣ ਵਾਲਾ ਵੀ ਹੈ।

ਇਹਨਾਂ ਮੁੱਦਿਆਂ ਨੂੰ ਵੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਭਾਰਤੀ ਰਾਜਨੀਤੀ ਅੱਜ ਆਪਣੇ ਸਭ ਤੋਂ ਨੀਵੇਂ ਪੱਧਰ ’ਤੇ ਹੈ। ਰਾਜ ਨੇਤਾ ਆਪਣੇ ਵਿਅਕਤੀਗਤ ਵੈਰ ਲਈ ਸੰਵਿਧਾਨ ਨੂੰ ਭੁੱਲ ਰਹੇ ਹਨ, ਜੋ ਜਮਹੂਰੀਅਤ ਲਈ ਘਾਤਕ ਹੈ। ਅੱਜ ਦੀ ਬੰਗਾਲ ਘਟਨਾ ਅਤੇ ਪੰਜਾਬ ਦੀ ਘਟਨਾ ਇਸ ਨੂੰ ਸਾਬਤ ਕਰਦੀਆਂ ਹਨ। ਇਹ ਸਮੇਂ ਦੀ ਮੰਗ ਹੈ ਕਿ ਅਜਿਹੇ ਨੇਤਾਵਾਂ ਨੂੰ ਜਵਾਬਦੇਹ ਬਣਾਇਆ ਜਾਵੇ ਅਤੇ ਸੰਵਿਧਾਨਕ ਮਾਨਤਾਵਾਂ ਨੂੰ ਬਹਾਲ ਕੀਤਾ ਜਾਵੇ। ਨਹੀਂ ਤਾਂ ਭਾਰਤੀ ਰਾਜਨੀਤੀ ਹੋਰ ਵੀ ਘਟੀਆ ਪੱਧਰ ਤੱਕ ਜਾ ਪਹੁੰਚੇਗੀ।

ਅੱਜ ਜੇ ਰਾਸ਼ਟਰਪਤੀ ਵਰਗੇ ਅਹੁਦੇ ਨੂੰ ਅਣਗਹਿਲ ਕੀਤਾ ਜਾਵੇ ਤਾਂ ਆਮ ਨਾਗਰਿਕ ਵਿੱਚ ਸੰਵਿਧਾਨ ਪ੍ਰਤੀ ਭਰੋਸਾ ਘੱਟੇਗਾ। ਇਹ ਅਨਾਰਕੀ ਵੱਲ ਜਾ ਰਿਹਾ ਹੈ, ਜਿੱਥੇ ਰਾਜ ਆਪਣੇ ਆਪ ਨੂੰ ਕੇਂਦਰ ਤੋਂ ਵੱਖ ਮੰਨਣ ਲੱਗ ਪਏ ਹਨ। ਇਹ ਰੁਝਾਨ ਜੇ ਨਾ ਰੋਕਿਆ ਗਿਆ ਤਾਂ ਭਾਰਤੀ ਜਮਹੂਰੀਅਤ ਅੰਦਰੂਨੀ ਤੌਰ ’ਤੇ ਕਮਜ਼ੋਰ ਹੋ ਜਾਵੇਗੀ ਅਤੇ ਵੰਡ ਦਾ ਖਤਰਾ ਵਧ ਜਾਵੇਗਾ। ਸਿੱਟਾ ਅਤੇ ਮੰਗ ਭਾਰਤੀ ਰਾਜਨੀਤੀ ਅੱਜ ਘਟੀਆਪਣ ਦੇ ਅਜਿਹੇ ਪੱਧਰ ’ਤੇ ਪਹੁੰਚ ਚੁੱਕੀ ਹੈ ਜਿੱਥੇ ਸੰਵਿਧਾਨਕ ਮਾਨਤਾਵਾਂ ਰੱਦ ਹੋ ਰਹੀਆਂ ਹਨ। ਅੱਜ ਦੀ ਬੰਗਾਲ ਘਟਨਾ, ਪੰਜਾਬ ਵਿੱਚ ਅਨਹਾਜ਼ਰੀ ਅਤੇ ਤਾਮਿਲਨਾਡੂ ਵਿੱਚ ਵਿਰੋਧੀ ਰਵੱਈਆ ਇਸ ਦੀਆਂ ਸਭ ਤੋਂ ਵੱਡੀਆਂ ਮਿਸਾਲਾਂ ਹਨ। ਅੱਜ ਇਹ ਸਮੇਂ ਦੀ ਮੰਗ ਹੈ ਕਿ ਅਜਿਹੇ ਨੇਤਾਵਾਂ ਨੂੰ ਜਵਾਬਦੇਹ ਬਣਾਇਆ ਜਾਵੇ, ਪ੍ਰੋਟੋਕੋਲ ਨੂੰ ਲਾਜ਼ਮੀ ਬਣਾਇਆ ਜਾਵੇ ਅਤੇ ਰਾਜਨੀਤੀ ਨੂੰ ਸੰਵਿਧਾਨਕ ਰਾਹ ’ਤੇ ਵਾਪਸ ਲਿਆਂਦਾ ਜਾਵੇ। ਨਹੀਂ ਤਾਂ ਭਾਰਤੀ ਜਮਹੂਰੀਅਤ ਅੰਦਰੂਨੀ ਤੌਰ ’ਤੇ ਖਤਮ ਹੋ ਜਾਵੇਗੀ ਅਤੇ ਦੇਸ਼ ਵੰਡ ਦੇ ਖਤਰੇ ਵਿੱਚ ਘਿਰ ਜਾਵੇਗਾ। ਇਹ ਘਟੀਆ ਸਿਆਸਤ ਨੂੰ ਰੋਕਣ ਦਾ ਸਮਾਂ ਹੈ - ਨਹੀਂ ਤਾਂ ਇਤਿਹਾਸ ਇਹਨਾਂ ਨੇਤਾਵਾਂ ਨੂੰ ਕਦੇ ਮਾਫ ਨਹੀਂ ਕਰੇਗਾ।

### ਮਹਿਲਾ ਦਿਵਸ ’ਤੇ ਵਿਸ਼ੇਸ਼

# ਅੱਜ ਔਰਤ ਕਿਸੇ ਤੋਂ ਵੀ ਘੱਟ ਨਹੀਂ

ਕਰਨੈਲ ਸਿੰਘ ਐਮ.ਏ.

ਸਾਡੇ ਸਮਾਜ ਵਿੱਚ ਇਸਤਰੀ ਨੂੰ ਮਰਦ ਦੇ ਮੁਕਾਬਲੇ ਨੀਵਾਂ ਸਮਝਿਆ ਜਾਂਦਾ ਹੈ। ਸਭ ਤੋਂ ਪਹਿਲਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਹੱਕ ਵਿੱਚ ਆਵਾਜ਼ ਉਠਾਈ।

ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ॥
(ਆਸਾ ਕੀ ਵਾਰ ਮਹਲਾ੧, ਅੰਗ ੪੭੩)

ਵੱਡੇ-ਵੱਡੇ ਰਾਜਿਆਂ-ਮਹਾਰਾਜਿਆਂ, ਪੀਰਾਂ-ਪੈਗੰਬਰਾਂ ਨੂੰ ਜਨਮ ਦੇਣ ਵਾਲੀ ਮਾਂ ਰੂਪ ਇਸਤਰੀ ਨੂੰ ਨੀਵਾਂ ਕਿਉਂ ਦੇਖਿਆ ਜਾਂਦਾ ਹੈ। ਅੱਜ-ਕੱਲ੍ਹ ਲੜਕੀ ਨੂੰ ਜਨਮ ਦੇਣ ਤੋਂ ਪਹਿਲਾਂ ਹੀ ਮਾਰਿਆ ਜਾ ਰਿਹਾ ਹੈ, ਜਦਕਿ ਇਸ ਲਈ ਸਖ਼ਤ ਕਾਨੂੰਨ ਬਣੇ ਹਨ। ਲੜਕੇ ਦੀ ਅਹਿਮੀਅਤ ਅੱਜ ਵੀ ਸਾਡੇ ਸਮਾਜ ਵਿੱਚ ਲੜਕੀ ਨਾਲੋਂ ਵੱਧ ਸਮਝੀ ਜਾ ਰਹੀ ਹੈ। ਲੜਕੇ ਦੇ ਜਨਮ ਹੋਣ ’ਤੇ ਘਰ ਵਿੱਚ ਬੇਹੱਦ ਖ਼ੁਸ਼ੀਆਂ ਦਾ ਮਾਹੌਲ ਹੁੰਦਾ ਹੈ, ਜਦ ਕਿ ਲੜਕੀ ਦੇ ਜਨਮ ’ਤੇ ਕਿਸੇ-ਕਿਸੇ ਘਰ ਵਿੱਚ ਹੀ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਲੜਕੇ ਦੀ ਲੋਹੜੀ ਗਲੀ-ਗੁਆਂਢ, ਰਿਸ਼ਤੇਦਾਰਾਂ ਨਾਲ ਖ਼ੁਸ਼ੀ ਸਾਂਝੀ ਕਰਕੇ ਮਨਾਈ ਜਾਂਦੀ ਹੈ। ਲੜਕੀ ਦੀ ਲੋਹੜੀ ਮਨਾਉਣ ਲਈ ਬਹੁਤ ਘੱਟ ਅਵਸਰ ਦੇਖਣ ਨੂੰ ਮਿਲੇ ਹਨ। ਅੱਜ ਪੜ੍ਹੇ ਲਿਖੇ ਪਰਿਵਾਰ ਵੀ ਇਹਨਾਂ ਗੱਲਾਂ ਵਿੱਚ ਵਿਸ਼ਵਾਸ ਕਰਨ ਲੱਗ ਪਏ ਹਨ। ਇਸੇ ਕਰਕੇ ਅੱਜ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਘੱਟ ਹੈ। ਜੇਕਰ ਇਸੇ ਤਰ੍ਹਾਂ ਹੀ ਲੜਕੀਆਂ ਨੂੰ ਜਨਮ ਤੋਂ ਪਹਿਲਾਂ ਮਾਰਨ ਦਾ ਸਿਲਸਿਲਾ ਜਾਰੀ ਰਿਹਾ ਤਾਂ ਕੁਝ ਸਮੇਂ ਬਾਅਦ ਲੜਕਿਆਂ ਦੇ ਵਿਆਹ ਲਈ ਲੜਕੀਆਂ ਲੱਭਣੀਆਂ ਮੁਸ਼ਕਲ ਹੋ ਜਾਣਗੀਆਂ। 13 ਅਗਸਤ 1997 ਨੂੰ ਸੁਪਰੀਮ ਕੋਰਟ ਨੇ ਭਰੂਣ ਹੱਤਿਆ ਨੂੰ ਕਾਨੂੰਨਨ ਜੁਰਮ ਕਰਾਰ ਦਿੱਤਾ। ਇਸ ਬਾਬਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਹੁਕਮਨਾਮਾ ਜਾਰੀ ਹੋ ਚੁੱਕਾ ਹੈ।

ਪਿਛਲੇ ਕਈ ਸਾਲਾਂ ਤੋਂ ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਲੜਕੀ ਨੂੰ ਕੁੱਖ ਵਿੱਚ ਮਾਰ ਦੇਣ ਕਾਰਨ ਲੜਕਿਆਂ ਦੇ ਮੁਕਾਬਲੇ ’ਤੇ ਲੜਕੀਆਂ ਦੀ ਜਨਮ ਦਰ ਵਿੱਚ ਕਾਫ਼ੀ ਅੰਤਰ ਆਇਆ ਹੈ। ਸੰਨ 2002 ਦੇ ਅੰਕੜਿਆਂ ਮੁਤਾਬਕ ਔਸਤ ਦਰ 1000 ਲੜਕਿਆਂ ਪਿੱਛੇ 876 ਲੜਕੀਆਂ ਸਨ।

ਭਾਰਤ ਵਿੱਚ ਲੜਕੀ ਦੇ ਜੰਮਣ ਨਾਲ ਹੀ ਉਸ ਦਾ ਭਵਿੱਖ ਤੈਅ ਹੋ ਜਾਂਦਾ ਹੈ। 60 ਫ਼ੀਸਦੀ ਲੜਕੀਆਂ ਛੇ ਸਾਲ ਦੀ ਉਮਰ ਵਿੱਚ ਹੀ ਘਰੇਲੂ ਕੰਮਾਂ ਦਾ ਬੋਝ ਚੁੱਕਣ ਲੱਗ ਪੈਂਦੀਆਂ ਹਨ। ਅੱਜ ਤੋਂ 14 ਸਾਲ ਪਹਿਲਾਂ ਦੀ ਇੱਥੇ ਇੱਕ ਉਦਾਹਰਣ ਦੇਣੀ ਯੋਗ ਸਮਝਦਾ ਹਾਂ ਕਿ ਕਿਸ ਤਰ੍ਹਾਂ ਲੜਕੀਆਂ-ਲੜਕਿਆਂ ਦੇ ਬਰਾਬਰ ਘਰ ਦੇ ਕੰਮ, ਖੇਤੀਬਾੜੀ ਦੇ ਕੰਮ ਕਰਦੀਆਂ ਸਨ। ਫ਼ਾਜ਼ਿਲਕਾ (ਫ਼ਿਰੋਜ਼ਪੁਰ) ਦੇ ਪਿੰਡ ਢਿੱਪਾਂਵਾਲੀ ਦੀ 22 ਸਾਲਾ ਚਰਨਜੀਤ ਰਿੰਪੀ ਨੇ ਆਪਣੇ ਪਿਤਾ ਨਾਲ ਖੇਤੀ ਦੇ ਕੰਮ ਵਿੱਚ ਹੱਥ ਵਟਾਇਆ, ਅਚਾਨਕ ਰਿੰਪੀ ਦੇ ਪਿਤਾ ਦਾ ਹੱਥ ਸਿਰ ਤੋਂ ਉੱਠ ਗਿਆ। ਰਿੰਪੀ ਨੇ ਟਰੈਕਟਰ ਚਲਾਉਣਾ ਸਿੱਖਿਆ, ਕਣਕ ਦੀ ਕਟਾਈ, ਵਹਾਈ, ਕਰਾਹਾ ਲਾਉਣਾ, ਵੱਟਾਂ ਪਾਉਣੀਆਂ, ਦਿਨ-ਰਾਤ ਪਾਨੀ ਲਾਉਣਾ, ਫਸਲ ਉੱਤੇ ਸਪਰੇਅ ਕਰਨੀ ਆਦਿ ਸਾਰੇ ਕੰਮ ਆਪ ਕਰਨੇ ਸ਼ੁਰੂ ਕੀਤੇ। ਰਿੰਪੀ ਨੇ ਤਿੰਨ ਏਕੜ ਵਿੱਚ ਅਮਰੂਦਾਂ ਦਾ ਬਾਗ਼ ਲਾਇਆ। ਉਹ ਖੇਤੀ ਦੇ ਨਾਲ-ਨਾਲ ਮਸ਼ੀਨਰੀ ਦੇ ਸਾਰੇ ਕੰਮ ਵੀ ਕਰ ਲੈਂਦੀ ਸੀ। ਉਹ ਸਕੂਲ ਜਾਣ ਸਮੇਂ ਵੀ ਘਰ ਤੋਂ ਸਕੂਲ ਤੱਕ ਰੋਜ਼ਾਨਾ 10 ਕਿਲੋਮੀਟਰ ਦਾ ਸਫ਼ਰ ਸਾਈਕਲ ਰਾਹੀਂ ਤੈਅ ਕਰਦੀ ਸੀ। ਰਿੰਪੀ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ।

ਰਿੰਪੀ ਵਾਂਗ ਹੋਰ ਵੀ ਕਈ ਲੜਕੀਆਂ ਹਨ, ਜੋ ਆਪਣੇ ਮਾਂ-ਬਾਪ ਨਾਲ ਕਾਰੋਬਾਰ ਵਿੱਚ ਹੱਥ ਵਟਾਉਂਦੀਆਂ ਹਨ। ਅੱਜ ਵੀ ਔਰਤ ਪਾਇਲਟ, ਸਾਇੰਸਦਾਨ, ਇੰਜੀਨੀਅਰ, ਡਾਕਟਰ, ਪ੍ਰੋਫ਼ੈਸਰ, ਸਮਾਜ-ਸੇਵੀ ਹੈ। ਔਰਤ ਨੇ ਬਹੁਤ ਵੱਡੇ-ਵੱਡੇ ਮਾਅਰਕੇ ਮਾਰ ਕੇ ਇੱਕ ਵਿਲੱਖਣ ਇਤਿਹਾਸ ਸਿਰਜਿਆ ਹੈ। ਮਾਈ ਭਾਗੋ, ਮਾਤਾ ਸਾਹਿਬ ਕੌਰ, ਸ਼੍ਰੀਮਤੀ ਇੰਦਰਾ ਗਾਂਧੀ, ਰਜ਼ੀਆ ਸੁਲਤਾਨ, ਕਿਰਨ ਬੇਦੀ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਪੀ.ਟੀ.ਊਸ਼ਾ, ਅਰੁੰਧਤੀ ਰਾਏ, ਮੇਘਾ ਪਾਟੇਕਰ, ਪ੍ਰਿਅੰਕਾ ਮਿਸ਼ਰਾ, ਬੇਨਜ਼ੀਰ ਭੁੱਟੋ, ਮਦਰ ਟੈਰੇਸਾ, ਏਕਤਾ ਕਪੂਰ, ਕਲਪਨਾ ਚਾਵਲਾ, ਸਰੋਜਨੀ ਨਾਇਡੂ, ਲਤਾ ਮੰਗੇਸ਼ਕਰ, ਮਮਤਾ ਬੈਨਰਜੀ, ਸੋਨੀਆ ਗਾਂਧੀ, ਜੈਲਲਿਤਾ, ਸ਼੍ਰੀਮਤੀ ਪ੍ਰਤਿਭਾ ਪਾਟਿਲ, ਸ਼੍ਰੀਮਤੀ ਨਿਰਮਲਾ ਸੀਤਾਰਮਨ ਅਤੇ ਹੋਰ ਔਰਤਾਂ ਨੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ।

ਔਰਤਾਂ ਨੇ ਰਾਜਨੀਤਕ ਖੇਤਰ, ਖੇਡਾਂ ਅਤੇ ਪੜ੍ਹਾਈ ਵਿੱਚ ਵੀ ਮੱਲ੍ਹਾਂ ਮਾਰੀਆਂ ਹਨ। ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਬਹੁਤ ਸਾਰੀਆਂ ਔਰਤਾਂ ਨੇ ਜਿੱਤਾਂ ਪ੍ਰਾਪਤ ਕੀਤੀਆਂ ਹਨ। ਬਾਵਜੂਦ ਇਸ ਦੇ ਭਾਰਤ ਵਿੱਚ 60 ਫ਼ੀਸਦੀ ਔਰਤਾਂ ਅਨਪੜ੍ਹ ਹਨ। ਇਸ ਦਾ ਕਾਰਨ ਬਹੁਤ ਸਾਰੇ ਪਿੰਡਾਂ ਵਿੱਚ ਪ੍ਰਾਇਮਰੀ ਪੱਧਰ ਤੱਕ ਦੇ ਸਕੂਲਾਂ ਦਾ ਨਾ ਹੋਣਾ ਹੈ। ਪੜ੍ਹਾਈ ਵਿੱਚ ਕੁੜੀਆਂ ਮੁੰਡਿਆਂ ਨਾਲੋਂ ਵੀ ਅੱਗੇ ਜਾ ਰਹੀਆਂ ਹਨ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਪਿਛਲੇ ਕਈ ਸਾਲਾਂ ਦੇ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਜ਼ਿਆਦਾਤਰ ਪਹਿਲੇ ਸਥਾਨ ਲੜਕੀਆਂ ਨੇ ਹੀ ਪ੍ਰਾਪਤ ਕੀਤੇ ਹਨ। ਕੇਂਦਰੀ ਸਿੱਖਿਆ ਬੋਰਡ ਦਿੱਲੀ ਦੇ ਮੁਤਾਬਕ ਪਹਿਲੀ ਪੁਜੀਸ਼ਨ 81 ਫ਼ੀਸਦੀ ਲੜਕੀਆਂ ਨੇ ਹੀ ਪ੍ਰਾਪਤ ਕੀਤੀ। ਬ੍ਰਿਟੇਨ ਦੀ ਲੰਡਨ ਚੈਂਬਰ ਆਫ਼ ਕਾਮਰਸ ਦੀ ਰਿਪੋਰਟ ਅਨੁਸਾਰ 1991 ਤੋਂ 1996 ਤੱਕ 4.5 ਲੱਖ ਨੌਕਰੀਆਂ ਜਿਹੜੀਆਂ ਵਕੀਲਾਂ, ਅਕਾਊਂਟੈਂਟ, ਬਿਜਨਸ ਐਗਜੈਕਟਿਵ ਦੀਆਂ ਸਨ, ਇਹਨਾਂ ਵਿੱਚੋਂ 60 ਫ਼ੀਸਦੀ ਪੋਸਟਾਂ ਤੇ ਔਰਤਾਂ ਚੁਣੀਆਂ ਗਈਆਂ। ਔਰਤਾਂ ਪੰਚਾਇਤ ਚੋਣਾਂ, ਸਰਪੰਚੀ, ਨਗਰ ਨਿਗਮ, ਨਗਰ ਕੌਂਸਲ, ਵਿਧਾਨ ਸਭਾ, ਲੋਕ ਸਭਾ ਚੋਣਾਂ ਵਿੱਚ ਜੇਤੂ ਹੋ ਕੇ ਨੁਮਾਇੰਦਗੀ ਕਰ ਰਹੀਆਂ ਹਨ।

ਪਹਿਲਾਂ ਪਹਿਲ ਔਰਤਾਂ ਜਬਰ-ਜਨਾਹ ਦੇ ਜ਼ੁਰਮਾਂ ਨੂੰ ਲੁਕਾ ਕੇ ਰੱਖਦੀਆਂ ਸਨ, ਇੱਥੋਂ ਤੱਕ ਕਿ ਮਾਂ-ਪਿਉ ਕਿਸੇ ਰਿਸ਼ਤੇਦਾਰਾਂ ਜਾਂ ਅਫ਼ਸਰੀ ਤਬਕੇ ਨੂੰ ਵੀ ਦੱਸਣ ਤੋਂ ਝਿਜਕਦੀਆਂ ਸਨ ਤੇ ਵਿੱਚੋ-ਵਿੱਚ ਹੀ ਘੁਲਦੀਆਂ ਰਹਿੰਦੀਆਂ ਸਨ। ਅੱਜ ਔਰਤ ਹਿੰਮਤ ਕਰਕੇ ਆਪਣੇ ਉੱਪਰ ਜ਼ੁਰਮ ਕਰਨ ਵਾਲਿਆਂ ਨੂੰ ਸਜ਼ਾ ਦਿਵਾ ਰਹੀ ਹੈ। ਅੱਜ ਔਰਤ ਕਮਜ਼ੋਰ ਨਹੀਂ। ਔਰਤ, ਜੋ ਕਦੇ ਮਾਂ, ਭੈਣ, ਧੀ ਅਤੇ ਕਦੇ ਪਤਨੀ ਦੇ ਰੂਪ ਵਿੱਚ ਮਰਦ ਪ੍ਰਧਾਨ ਸਮਾਜ ਨੂੰ ਸਹਾਰਾ ਦਿੰਦੀ ਹੈ।

ਇਸ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਅਸੀਂ ਕਹਿਣ ਨੂੰ ਭਾਵੇਂ ਇਹ ਜ਼ਰੂਰ ਕਹਿ ਲਈਏ ਕਿ ਔਰਤ ਮਰਦ ਦੇ ਮੁਕਾਬਲੇ ਘੱਟ ਨਹੀਂ ਹੈ ਪਰ ਫਿਰ ਵੀ ਔਰਤ ਨੂੰ ਹਮੇਸ਼ਾਂ ਨੀਵਾਂ ਸਮਝਿਆ ਜਾ ਰਿਹਾ ਹੈ। ਔਰਤ ਉੱਪਰ ਅੱਜ ਵੀ ਹੱਥ ਉੱਠ ਰਿਹਾ ਹੈ, ਜ਼ੁਲਮ ਹੋ ਰਿਹਾ ਹੈ, ਉਸ ਨੂੰ ਪੈਰ ਦੀ ਜੁੱਤੀ ਸਮਝਿਆ ਜਾ ਰਿਹਾ ਹੈ। ਭਾਵੇਂ ਮਨੁੱਖੀ ਲੋੜਾਂ ਵਧਣ ਦੇ ਨਾਲ-ਨਾਲ ਔਰਤਾਂ ਸਵੇਰ ਤੋਂ ਸ਼ਾਮ ਤੱਕ ਖੇਤਾਂ, ਫੈਕਟਰੀਆਂ, ਦਫ਼ਤਰਾਂ, ਬਜ਼ਾਰਾਂ, ਦੁਕਾਨਾਂ, ਸਕੂਲਾਂ, ਕਾਲਜਾਂ ਭਾਵ ਸਮਾਜ ਦੇ ਹਰ ਖੇਤਰ ਵਿੱਚ ਆਦਮੀਆਂ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ ਫਿਰ ਉਸ ਨੂੰ ਨੀਵਾਂ ਕਿਉਂ ਸਮਝਿਆ ਜਾਵੇ। ਸਾਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ ਕਿਉਂਕਿ ਔਰਤਾਂ ਕਿਸੇ ਵੀ ਤਰ੍ਹਾਂ ਮਰਦਾਂ ਤੋਂ ਘੱਟ ਨਹੀਂ ਹੈ, ਬਸ ਜ਼ਰੂਰਤ ਹੈ ਬਰਾਬਰ ਮੌਕੇ ਪ੍ਰਦਾਨ ਕਰਨ ਦੀ।

ਅੰਤ ਵਿੱਚ ਮਹਿਲਾ ਦਿਵਸ ਬਾਰੇ ਸੰਖੇਪ ਵਿੱਚ ਦੱਸ ਕੇ ਸਮਾਪਤ ਕਰਾਂਗਾ। ਹਰ ਸਾਲ 8 ਮਾਰਚ ਨੂੰ ਮਹਿਲਾ ਦਿਵਸ ਮਨਾਇਆ ਜਾਂਦਾ ਹੈ। 1918 ਤੋਂ ਅੰਤਰਰਾਸ਼ਟਰੀ ਔਰਤ ਦਿਵਸ ਮਨਾਇਆ ਜਾਣ ਲੱਗਾ ਤੇ 1975 ਵਿੱਚ ਸੰਯੁਕਤ ਰਾਸ਼ਟਰ ਦੀ ਅਸੈਂਬਲੀ ਵਿੱਚ ਮਤਾ ਪਾਸ ਕਰਕੇ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਵਜੋਂ ਮਾਨਤਾ ਦਿੱਤੀ ਗਈ। ਇਸ ਦਿਹਾੜੇ ਵੱਡੇ-ਵੱਡੇ ਸਮਾਗਮ ਕੀਤੇ ਜਾਂਦੇ ਹਨ। ਔਰਤਾਂ ਨੂੰ ਦਿੱਤੇ ਜਾਣ ਵਾਲੇ ਅਧਿਕਾਰਾਂ ਬਾਰੇ ਲੈਕਚਰ, ਭਾਸ਼ਣ ਦਿੱਤੇ ਜਾਂਦੇ ਹਨ ਪਰ ਇਹਨਾਂ ’ਤੇ ਅਮਲ ਨਾ ਮਾਤਰ ਹੀ ਹੁੰਦਾ ਹੈ। ਕੀ ਅੱਜ (8 ਮਾਰਚ) ਵੀ ਵੱਡੇ-ਵੱਡੇ ਸਮਾਗਮ ਕਰਕੇ ਹੀ ਔਰਤਾਂ ਨੂੰ ਦਿਲਾਸਾ ਦਿੱਤਾ ਜਾਵੇਗਾ ਜਾਂ ਉਹਨਾਂ ਦੇ ਹੱਕਾਂ ਪ੍ਰਤੀ ਆਵਾਜ਼ ਵੀ ਬੁਲੰਦ ਕੀਤੀ ਜਾਵੇਗੀ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।



ਵਿੰਕਲਜੀਤ ਸਿੰਘ ਸਰਾ
9501477889

### ਮਹਾਤਮਾ ਗਾਂਧੀ ਦੇ ਅਹਿੰਸਕ ਸੰਘਰਸ਼ ਦੀ ਜੀਵੰਤ ਧਰੋਹਰ

# ਕੋਚਰਬ ਆਸ਼ਰਮ ਤੋਂ ਸਾਬਰਮਤੀ ਆਸ਼ਰਮ ਤੱਕ ਇਤਿਹਾਸ, ਲੋਕਤੰਤਰ ਅਤੇ ਰਾਸ਼ਟਰੀ ਚੇਤਨਾ ਦੀ ਪ੍ਰੇਰਕ ਕਹਾਣੀ

**ਭਾਰਤੀ ਲੋਕਤੰਤਰ ਦੀ ਵਿਸ਼ਾਲਤਾ ਅਤੇ ਸੰਚਾਰ ਦੀ ਸ਼ਕਤੀ** : ਭਾਰਤ ਦਾ ਲੋਕਤੰਤਰ ਸਿਰਫ਼ ਵੋਟਾਂ ਪਾਉਣ ਦੀ ਇੱਕ ਪ੍ਰਕਿਰਿਆ ਨਹੀਂ ਹੈ ਸਗੋਂ ਇਹ ਦੁਨੀਆ ਦਾ ਸਭ ਤੋਂ ਵੱਡਾ ਮਨੁੱਖੀ ਪ੍ਰਯੋਗ ਹੈ। ਜਦੋਂ ਅਸੀਂ 140 ਕਰੋੜ ਤੋਂ ਵੱਧ ਆਬਾਦੀ ਵਾਲੇ ਦੇਸ਼ ਦੀ ਗੱਲ ਕਰਦੇ ਹਾਂ, ਜਿੱਥੇ ਹਰ ਕੋਹ ’ਤੇ ਪਾਣੀ ਅਤੇ ਚਾਰ ਕੋਹ ’ਤੇ ਬਾਣੀ ਬਦਲ ਜਾਂਦੀ ਹੈ, ਉੱਥੇ ਲੋਕਤੰਤਰਿਕ ਢਾਂਚੇ ਨੂੰ ਬਰਕਰਾਰ ਰੱਖਣਾ ਕੋਈ ਸਧਾਰਨ ਕੰਮ ਨਹੀਂ ਹੈ। ਇਸ ਵਿਸ਼ਾਲਤਾ ਦੇ ਬਾਵਜੂਦ ਭਾਰਤ ਨੇ ਆਪਣੀ ਵਿਭਿੰਨਤਾ ਵਿੱਚ ਏਕਤਾ ਦੇ ਸੰਕਲਪ ਨੂੰ ਜਿਉਂਦਾ ਰੱਖਿਆ ਹੈ। ਇਸ ਮਜ਼ਬੂਤੀ ਦੇ ਪਿੱਛੇ ਸਭ ਤੋਂ ਵੱਡਾ ਹੱਥ ‘ਜਾਣਕਾਰੀ’ ਦਾ ਹੈ। ਇੱਕ ਸਿਹਤਮੰਦ ਲੋਕਤੰਤਰ ਉਦੋਂ ਹੀ ਸਾਹ ਲੈਂਦਾ ਹੈ ਜਦੋਂ ਉਸਦੇ ਨਾਗਰਿਕ ਜਾਗਰੂਕ ਹੋਣ। ਸਰਕਾਰ ਅਤੇ ਜਨਤਾ ਦੇ ਵਿਚਕਾਰ ਪਾਰਦਰਸ਼ਤਾ ਪੈਦਾ ਕਰਨ ਲਈ ਸੂਚਨਾ ਦਾ ਸਹੀ ਪ੍ਰਵਾਹ ਹੋਣਾ ਲਾਜ਼ਮੀ ਹੈ। ਜੇਕਰ ਦੇਸ਼ ਦੇ ਦੂਰ-ਦੁਰਾਡੇ ਪਿੰਡਾਂ ਵਿੱਚ ਬੈਠੇ ਵਿਅਕਤੀ ਨੂੰ ਇਹ ਨਹੀਂ ਪਤਾ ਕਿ ਉਸ ਲਈ ਕਿਹੜੀਆਂ ਕਲਿਆਣਕਾਰੀ ਯੋਜਨਾਵਾਂ ਬਣੀਆਂ ਹਨ ਤਾਂ ਲੋਕਤੰਤਰ ਦੇ ਅਰਥ ਅਧੂਰੇ ਰਹਿ ਜਾਂਦੇ ਹਨ। ਇਸ ਲਈ ਜਾਣਕਾਰੀ ਦਾ ਪ੍ਰਵਾਹ ਨਾ ਸਿਰਫ਼ ਸਹੀ ਹੋਣਾ ਚਾਹੀਦਾ ਹੈ ਸਗੋਂ ਇਹ ਭਰੋਸੇਯੋਗ ਅਤੇ ਪ੍ਰਮਾਣਿਕ ਵੀ ਹੋਣਾ ਚਾਹੀਦਾ ਹੈ। ਅੱਜ ਦੇ ਡਿਜੀਟਲ ਯੁੱਗ ਵਿੱਚ ਜਿੱਥੇ ‘ਫੇਕ ਨਿਊਜ਼’ ਦਾ ਹੜ੍ਹ ਆਇਆ ਹੋਇਆ ਹੈ, ਉੱਥੇ ਪ੍ਰਮਾਣਿਕ ਸੂਚਨਾ ਦੀ ਅਹਿਮੀਅਤ ਹੋਰ ਵੀ ਵੱਧ ਜਾਂਦੀ ਹੈ।

**ਮੀਡੀਆ ਟੂਰ ਦੀ ਅਹਿਮੀਅਤ, ਜਲੰਧਰ PIB ਦਾ ਸ਼ਲਾਘਾਯੋਗ ਕਦਮ** : ਹਾਲ ਹੀ ਵਿੱਚ PIB ਜਲੰਧਰ ਵੱਲੋਂ ਪੰਜਾਬ ਦੇ ਪੱਤਰਕਾਰਾਂ ਲਈ ਗੁਜਰਾਤ ਦਾ ਇੱਕ ਵਿਸ਼ੇਸ਼ ਮੀਡੀਆ ਟੂਰ ਆਯੋਜਿਤ ਕੀਤਾ ਗਿਆ। ਇਹ ਟੂਰ ਸਿਰਫ਼ ਸੈਰ-ਸਪਾਟਾ ਨਹੀਂ ਸੀ ਸਗੋਂ ਇਹ ਏਕ ਭਾਰਤ ਸ੍ਰੇਸ਼ਠ ਭਾਰਤ ਦੀ ਭਾਵਨਾ ਨੂੰ ਅਮਲੀ ਰੂਪ ਦੇਣ ਦਾ ਇੱਕ ਉਪਰਾਲਾ ਸੀ। ਪੰਜਾਬ ਅਤੇ ਗੁਜਰਾਤ ਦੋਵੇਂ ਰਾਜ ਭਾਰਤ ਦੇ ਇਤਿਹਾਸ ਅਤੇ ਆਰਥਿਕਤਾ ਵਿੱਚ ਅਹਿਮ ਸਥਾਨ ਰੱਖਦੇ ਹਨ। ਇੱਕ ਪਾਸੇ ਪੰਜਾਬ ਦੇਸ਼ ਦਾ ਅੰਨਦਾਤਾ ਹੈ ਅਤੇ ਕੁਰਬਾਨੀਆਂ ਦੀ ਧਰਤੀ ਹੈ ਦੂਜੇ ਪਾਸੇ ਗੁਜਰਾਤ ਵਪਾਰ ਅਤੇ ਅਹਿੰਸਕ ਅੰਦੋਲਨ ਦੀ ਜਨਮ-ਭੂਮੀ ਹੈ। ਇਸ ਟੂਰ ਰਾਹੀਂ ਪੱਤਰਕਾਰਾਂ ਨੂੰ ਕੇਂਦਰ ਸਰਕਾਰ ਦੇ ਵਿਕਾਸ ਕਾਰਜਾਂ, ਇਤਿਹਾਸਕ ਧਰੋਹਰਾਂ ਦੀ ਸਾਂਭ-ਸੰਭਾਲ ਅਤੇ ਗਾਂਧੀਵਾਦੀ ਫ਼ਲਸਫ਼ੇ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਿਆ। ਜਦੋਂ ਇੱਕ ਪੱਤਰਕਾਰ ਕਿਸੇ ਸਥਾਨ ’ਤੇ ਜਾ ਕੇ ਖੁਦ ਅਨੁਭਵ ਕਰਦਾ ਹੈ ਤਾਂ ਉਸ ਦੀ ਲਿਖਤ ਵਿੱਚ ਸੱਚਾਈ ਅਤੇ ਗਹਿਰਾਈ ਹੁੰਦੀ ਹੈ। ਇਹ ਟੂਰ ਪੱਤਰਕਾਰਾਂ ਲਈ ਇੱਕ ਅਕਾਦਮਿਕ ਅਤੇ ਬੌਧਿਕ ਅਨੁਭਵ ਸੀ, ਜਿਸ ਨੇ ਉਨ੍ਹਾਂ ਨੂੰ ਭਾਰਤ ਦੀ ਰਾਸ਼ਟਰੀ ਚੇਤਨਾ ਨਾਲ ਦੁਬਾਰਾ ਜੋੜਿਆ।

**ਗੁਜਰਾਤ ਦੀ ਧਰਤੀ, ਭਾਰਤ ਦੀ ਆਤਮਾ ਦਾ ਪ੍ਰਤੀਬਿੰਬ** : ਗੁਜਰਾਤ ਭਾਰਤ ਦੇ ਪੱਛਮੀ ਤੱਟ ’ਤੇ ਸਥਿਤ ਇੱਕ ਅਜਿਹਾ ਰਾਜ ਹੈ, ਜਿਸ ਨੇ ਦੁਨੀਆ ਨੂੰ ਬਹੁਤ ਕੁਝ ਦਿੱਤਾ ਹੈ। ਇਹ ਭਗਵਾਨ ਕ੍ਰਿਸ਼ਨ ਦੀ ਦੁਆਰਕਾ ਹੈ, ਇਹ ਸਰਦਾਰ ਪਟੇਲ ਦੀ ਕਰਮ-ਭੂਮੀ ਹੈ ਅਤੇ ਸਭ ਤੋਂ ਮਹੱਤਵਪੂਰਨ ਇਹ ਮਹਾਤਮਾ ਗਾਂਧੀ ਦੇ ਸਤਿਆਗ੍ਰਹਿ ਦੀ ਪ੍ਰਯੋਗਸ਼ਾਲਾ ਹੈ। ਗੁਜਰਾਤ ਦੀ ਮਿੱਟੀ ਵਿੱਚ ਇੱਕ ਅਜੀਬ ਜਿਹੀ ਖਿੱਚ ਹੈ, ਜਿਸ ਨੇ ਭਾਰਤ ਦੀ ਕਿਸਮਤ ਨੂੰ ਬਦਲਣ ਵਾਲੇ ਮਹਾਨ ਨਾਇਕਾਂ ਨੂੰ ਜਨਮ ਦਿੱਤਾ। ਗਾਂਧੀ ਜੀ ਦੇ ਜੀਵਨ ਵਿੱਚ ਗੁਜਰਾਤ ਦਾ ਸਥਾਨ ਕੇਂਦਰੀ ਰਿਹਾ ਹੈ। ਭਾਵੇਂ ਉਨ੍ਹਾਂ ਨੇ ਦੱਖਣੀ ਅਫ਼ਰੀਕਾ ਵਿੱਚ ਨਸਲਵਾਦ ਵਿਰੁੱਧ ਲੜਾਈ ਲੜੀ ਪਰ ਉਨ੍ਹਾਂ ਦੇ ਵਿਚਾਰਾਂ ਦੀ ਪਰਿਪੱਕਤਾ ਅਤੇ ਭਾਰਤੀ ਸੰਦਰਭ ਵਿੱਚ ਉਨ੍ਹਾਂ ਦੀ ਵਰਤੋਂ ਗੁਜਰਾਤ ਦੇ ਆਸ਼ਰਮਾਂ ਵਿੱਚ ਹੀ ਹੋਈ। ਕੋਚਰਬ ਅਤੇ ਸਾਬਰਮਤੀ ਉਹ ਦੋ ਅਹਿਮ ਪੜਾਅ ਹਨ, ਜਿਨ੍ਹਾਂ ਨੇ ਮੋਹਨਦਾਸ ਕਰਮਚੰਦ ਗਾਂਧੀ ਨੂੰ ਮਹਾਤਮਾ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

***ਕੋਚਰਬ ਆਸ਼ਰਮ, ਭਾਰਤ ਵਿੱਚ ਗਾਂਧੀ ਜੀ ਦੀ ਪਹਿਲੀ ਪ੍ਰਯੋਗਸ਼ਾਲਾ*** : ਜਦੋਂ ਗਾਂਧੀ ਜੀ 9 ਜਨਵਰੀ 1915 ਨੂੰ ਦੱਖਣੀ ਅਫ਼ਰੀਕਾ ਤੋਂ ਭਾਰਤ ਪਰਤੇ ਤਾਂ ਗੋਪਾਲ ਕ੍ਰਿਸ਼ਨ ਗੋਖਲੇ ਦੇ ਕਹਿਣ ’ਤੇ ਉਨ੍ਹਾਂ ਨੇ ਇੱਕ ਸਾਲ ਤੱਕ ਦੇਸ਼ ਦਾ ਭ੍ਰਮਣ ਕੀਤਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਭਾਰਤ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਉਨ੍ਹਾਂ ਨੂੰ ਇੱਕ ਅਜਿਹੀ ਜਗ੍ਹਾ ਚਾਹੀਦੀ ਹੈ, ਜਿੱਥੇ ਉਹ ਆਪਣੇ ਆਦਰਸ਼ਾਂ ਅਨੁਸਾਰ ਜੀਵਨ ਬਤੀਤ ਕਰ ਸਕਣ। 25 ਮਈ 1915 ਨੂੰ ਅਹਿਮਦਾਬਾਦ ਦੇ ਕੋਚਰਬ ਪਿੰਡ ਵਿੱਚ ਇੱਕ ਬੈਰਿਸਟਰ ਜੀਵਨ ਲਾਲ ਦੇਸਾਈ ਦੇ ਬੰਗਲੇ ਵਿੱਚ ਇਸ ਆਸ਼ਰਮ ਦੀ ਸਥਾਪਨਾ ਕੀਤੀ ਗਈ। ਇਸ ਦਾ ਨਾਮ ਰੱਖਿਆ ਗਿਆ ਸਤਿਆਗ੍ਰਹਿ ਆਸ਼ਰਮ। ਇਹ ਭਾਰਤ ਵਿੱਚ ਗਾਂਧੀ ਜੀ ਦਾ ਪਹਿਲਾ ਆਸ਼ਰਮ ਸੀ।

**ਕੋਚਰਬ ਆਸ਼ਰਮ ਦਾ ਉਦੇਸ਼ ਅਤੇ ਬਣਤਰ** : ਕੋਚਰਬ ਆਸ਼ਰਮ ਸਿਰਫ਼ ਰਹਿਣ ਦੀ ਜਗ੍ਹਾ ਨਹੀਂ ਸੀ। ਇਹ ਇੱਕ ਸਿਖਲਾਈ ਕੇਂਦਰ ਸੀ। ਗਾਂਧੀ ਜੀ ਚਾਹੁੰਦੇ ਸਨ ਕਿ ਆਜ਼ਾਦੀ ਦੀ ਲੜਾਈ ਲੜਨ ਵਾਲੇ ਸਿਪਾਹੀ ਪਹਿਲਾਂ ਆਪਣੇ ਮਨ ’ਤੇ ਜਿੱਤ ਪ੍ਰਾਪਤ ਕਰਨ। ਇੱਥੇ ਰਹਿਣ ਵਾਲਿਆਂ ਲਈ 11 ਨਿਯਮਾਂ ਦਾ ਪਾਲਣ ਕਰਨਾ ਲਾਜ਼ਮੀ ਸੀ, ਜਿਨ੍ਹਾਂ ਵਿੱਚ ਸੱਚ, ਅਹਿੰਸਾ, ਅਸਤੇਯ (ਚੋਰੀ ਨਾ ਕਰਨਾ), ਬ੍ਰਹਮਚਾਰੀਆ, ਅਪ੍ਰਿਗ੍ਰਹਿ (ਲੋੜ ਤੋਂ ਵੱਧ ਇਕੱਠਾ ਨਾ ਕਰਨਾ), ਸਰੀਰਕ ਮਿਹਨਤ, ਸੁਆਦ ਦਾ ਤਿਆਗ, ਨਿਰਭੈਤਾ, ਸਰਵ ਧਰਮ ਸੰਭਾਵ, ਸਵਦੇਸ਼ੀ ਅਤੇ ਛੂਆਛੂਤ ਦਾ ਤਿਆਗ ਸ਼ਾਮਲ ਸਨ।



**ਸਮਾਜਿਕ ਕ੍ਰਾਂਤੀ ਦਾ ਮੁੱਢ, ਦਲਿਤ ਪਰਿਵਾਰ ਦਾ ਆਗਮਨ** : ਕੋਚਰਬ ਆਸ਼ਰਮ ਭਾਰਤ ਵਿੱਚ ਸਮਾਜਿਕ ਸੁਧਾਰਾਂ ਦਾ ਗਵਾਹ ਬਣਿਆ। ਸਥਾਪਨਾ ਦੇ ਕੁਝ ਸਮੇਂ ਬਾਅਦ ਹੀ ਗਾਂਧੀ ਜੀ ਨੇ ਇੱਕ ਦਲਿਤ ਪਰਿਵਾਰ (ਦੂਦਾਭਾਈ, ਉਨ੍ਹਾਂ ਦੀ ਪਤਨੀ ਦਾਨੀਬੇਨ ਅਤੇ ਬੇਟੀ ਲਕਸ਼ਮੀ) ਨੂੰ ਆਸ਼ਰਮ ਵਿੱਚ ਰਹਿਣ ਦਾ ਸੱਦਾ ਦਿੱਤਾ। ਉਸ ਸਮੇਂ ਦੇ ਕੱਟੜਪੰਥੀ ਸਮਾਜ ਵਿੱਚ ਇਹ ਇੱਕ ਬਹੁਤ ਵੱਡਾ ਧਮਾਕਾ ਸੀ। ਆਸ਼ਰਮ ਨੂੰ ਮਿਲਣ ਵਾਲੀ ਮਦਦ ਬੰਦ ਕਰ ਦਿੱਤੀ ਗਈ ਪਰ ਗਾਂਧੀ ਜੀ ਅਟੱਲ ਰਹੇ। ਉਨ੍ਹਾਂ ਨੇ ਕਿਹਾ ਜੇਕਰ ਮਦਦ ਬੰਦ ਹੁੰਦੀ ਹੈ, ਤਾਂ ਅਸੀਂ ਅਛੂਤਾਂ ਦੇ ਇਲਾਕੇ ਵਿੱਚ ਜਾ ਕੇ ਰਹਾਂਗੇ; ਇਹ ਉਨ੍ਹਾਂ ਦੀ ਨੈਤਿਕ ਦ੍ਰਿੜਤਾ ਸੀ, ਜਿਸ ਨੇ ਅੱਗੇ ਚੱਲ ਕੇ ‘ਹਰੀਜਨ’ ਸੇਵਾ ਦੀ ਬੁਨਿਆਦ ਰੱਖੀ।

**ਪਲੇਗ ਦਾ ਪ੍ਰਕੋਪ ਅਤੇ ਸਾਬਰਮਤੀ ਵੱਲ ਹਿਜਰਤ** : 1917 ਵਿੱਚ ਅਹਿਮਦਾਬਾਦ ਵਿੱਚ ਪਲੇਗ ਦੀ ਬਿਮਾਰੀ ਫੈਲ ਗਈ। ਆਸ਼ਰਮ ਦੇ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਗਾਂਧੀ ਜੀ ਨੇ ਆਸ਼ਰਮ ਨੂੰ ਸ਼ਹਿਰ ਦੇ ਰੌਲੇ-ਰੱਪੇ ਤੋਂ ਦੂਰ ਕਿਸੇ ਖੁੱਲ੍ਹੀ ਜਗ੍ਹਾ ਲਿਜਾਣ ਦਾ ਫ਼ੈਸਲਾ ਕੀਤਾ। ਉਹ ਇੱਕ ਅਜਿਹੀ ਜਗ੍ਹਾ ਚਾਹੁੰਦੇ ਸਨ ਜੋ ਨਦੀ ਦੇ ਨੇੜੇ ਹੋਵੇ ਅਤੇ ਜਿੱਥੇ ਖੇਤੀ ਕੀਤੀ ਜਾ ਸਕੇ। ਉਨ੍ਹਾਂ ਦੀ ਖੋਜ ਸਾਬਰਮਤੀ ਨਦੀ ਦੇ ਕੰਢੇ ’ਤੇ ਜਾ ਕੇ ਖ਼ਤਮ ਹੋਈ। ਇਹ ਜਗ੍ਹਾ ਇਤਿਹਾਸਕ ਪੱਖੋਂ ਵੀ ਬਹੁਤ ਮਹੱਤਵਪੂਰਨ ਸੀ। ਕਿਹਾ ਜਾਂਦਾ ਹੈ ਕਿ ਇਹ ਦਧੀਚੀ ਰਿਸ਼ੀ ਦਾ ਆਸ਼ਰਮ ਵਾਲਾ ਖੇਤਰ ਸੀ, ਜਿਨ੍ਹਾਂ ਨੇ ਲੋਕ ਭਲਾਈ ਲਈ ਆਪਣੀਆਂ ਹੱਡੀਆਂ ਦਾਨ ਕਰ ਦਿੱਤੀਆਂ ਸਨ। ਗਾਂਧੀ ਜੀ ਨੇ 17 ਜੂਨ 1917 ਨੂੰ ਆਸ਼ਰਮ ਨੂੰ ਸਾਬਰਮਤੀ ਵਿਖੇ ਤਬਦੀਲ ਕਰ ਦਿੱਤਾ।

**ਸਾਬਰਮਤੀ ਆਸ਼ਰਮ, ਆਜ਼ਾਦੀ ਦੇ ਸੰਘਰਸ਼ ਦਾ ਮੁੱਖ ਦਫ਼ਤਰ** : ਸਾਬਰਮਤੀ ਆਸ਼ਰਮ ਜਿਸ ਨੂੰ ‘ਹਰੀਜਨ ਆਸ਼ਰਮ’ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, 1917 ਤੋਂ 1930 ਤੱਕ ਗਾਂਧੀ ਜੀ ਦਾ ਨਿਵਾਸ ਸਥਾਨ ਰਿਹਾ। ਇਹ ਉਹ ਸਥਾਨ ਹੈ ਜਿੱਥੇ ਭਾਰਤ ਦੀ ਆਜ਼ਾਦੀ ਦੀ ਰੂਪ-ਰੇਖਾ ਉਲੀਕੀ ਗਈ। ਇੱਥੇ ਬੈਠ ਕੇ ਗਾਂਧੀ ਜੀ ਨੇ ਪੂਰੇ ਦੇਸ਼ ਦੀ ਨਬਜ਼ ਨੂੰ ਪਛਾਣਿਆ।

**ਆਸ਼ਰਮ ਦੀ ਜੀਵਨ ਸ਼ੈਲੀ ਅਤੇ ਰੂਹਾਨੀਅਤ** : ਸਾਬਰਮਤੀ ਆਸ਼ਰਮ ਦੀ ਹਰ ਚੀਜ਼ ਸਾਦਗੀ ਦਾ ਪ੍ਰਤੀਕ ਹੈ। ਇੱਥੇ ਗਾਂਧੀ ਜੀ ਦੇ ਨਿਵਾਸ ਸਥਾਨ ਨੂੰ ਹਰਿਦੈ ਕੁੰਜ ਕਿਹਾ ਜਾਂਦਾ ਹੈ। ਇਹ ਇੱਕ ਛੋਟਾ ਜਿਹਾ ਘਰ ਹੈ, ਜਿੱਥੇ ਗਾਂਧੀ ਜੀ ਅਤੇ ਕਸਤੂਰਬਾ ਗਾਂਧੀ ਰਹਿੰਦੇ ਸਨ। ਇੱਥੇ ਸਵੇਰੇ 4:00 ਵਜੇ ਪ੍ਰਾਰਥਨਾ ਹੁੰਦੀ ਸੀ। ਗਾਂਧੀ ਜੀ ਦਾ ਮੰਨਣਾ ਸੀ ਕਿ ਪ੍ਰਾਰਥਨਾ ਮਨ ਨੂੰ ਸ਼ੁੱਧ ਕਰਦੀ ਹੈ ਅਤੇ ਅੰਦੋਲਨਕਾਰੀ ਲਈ ਆਤਮਿਕ ਸ਼ਕਤੀ ਬਹੁਤ ਜ਼ਰੂਰੀ ਹੈ। ਆਸ਼ਰਮ ਵਿੱਚ ਹਰ ਕਿਸੇ ਨੂੰ ਚਰਖਾ ਕੱਤਣਾ ਪੈਂਦਾ ਸੀ। ਚਰਖਾ ਸਿਰਫ਼ ਇੱਕ ਮਸ਼ੀਨ ਨਹੀਂ ਸੀ ਸਗੋਂ ਇਹ ਆਰਥਿਕ ਆਜ਼ਾਦੀ ਅਤੇ ਸਵੈ-ਨਿਰਭਰਤਾ ਦਾ ਪ੍ਰਤੀਕ ਸੀ। ਗਾਂਧੀ ਜੀ ਨੇ ਵਿਦੇਸ਼ੀ ਕੱਪੜਿਆਂ ਦੇ ਬਾਈਕਾਟ ਦਾ ਨਾਅਰਾ ਦਿੱਤਾ ਅਤੇ ਖਾਦੀ ਨੂੰ ਭਾਰਤ ਦੀ ਆਤਮਾ ਦਾ ਪਹਿਰਾਵਾ ਬਣਾ ਦਿੱਤਾ।

**ਸਾਬਰਮਤੀ ਤੋਂ ਚੱਲੇ ਅੰਦੋਲਨ : ਇਹ ਆਸ਼ਰਮ ਕਈ ਵੱਡੇ ਅੰਦੋਲਨਾਂ ਦਾ ਜਨਮਦਾਤਾ ਰਿਹਾ ਹੈ: ਚੰਪਾਰਨ ਸਤਿਆਗ੍ਰਹਿ (1917)**: ਹਾਲਾਂਕਿ ਇਹ ਬਿਹਾਰ ਵਿੱਚ ਹੋਇਆ ਪਰ ਇਸ ਦੀ ਬੌਧਿਕ ਤਿਆਰੀ ਇੱਥੇ ਹੀ ਹੋਈ। **ਖੇੜਾ ਸਤਿਆਗ੍ਰਹਿ (1918)**: ਕਿਸਾਨਾਂ ਦੇ ਹੱਕਾਂ ਦੀ ਲੜਾਈ। ਅਹਿਮਦਾਬਾਦ ਮਿੱਲ ਮਜ਼ਦੂਰ ਅੰਦੋਲਨ: ਮਜ਼ਦੂਰਾਂ ਦੇ ਹੱਕਾਂ ਲਈ ਗਾਂਧੀ ਜੀ ਦੀ ਪਹਿਲੀ ਭੁੱਖ ਹੜਤਾਲ। ਅਸਹਿਯੋਗ ਅੰਦੋਲਨ (1920-22): ਪੂਰੇ ਭਾਰਤ ਨੂੰ ਬਰਤਾਨਵੀ ਹਕੂਮਤ ਵਿਰੁੱਧ ਇੱਕਜੁੱਟ ਕਰਨਾ। ਡਾਂਡੀ ਮਾਰਚ: ਸਾਬਰਮਤੀ ਤੋਂ ਸਮੁੰਦਰ ਤੱਕ ਦਾ ਇਤਿਹਾਸਕ ਸਫ਼ਰ । ਸਾਬਰਮਤੀ ਆਸ਼ਰਮ ਦੇ ਇਤਿਹਾਸ ਵਿੱਚ 12 ਮਾਰਚ 1930 ਦਾ ਦਿਨ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ ਹੈ। ਬਰਤਾਨਵੀ ਸਰਕਾਰ ਨੇ ਨਮਕ ਵਰਗੀ ਬੁਨਿਆਦੀ ਚੀਜ਼ ’ਤੇ ਟੈਕਸ ਲਗਾ ਦਿੱਤਾ ਸੀ। ਗਾਂਧੀ ਜੀ ਨੇ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਮੰਨਿਆ। ਉਨ੍ਹਾਂ ਨੇ ਸਾਬਰਮਤੀ ਆਸ਼ਰਮ ਤੋਂ 78 ਚੁਣੇ ਹੋਏ ਸਤਿਆਗ੍ਰਹੀਆਂ ਨਾਲ 240 ਮੀਲ ਦੀ ਪਦਯਾਤਰਾ ਸ਼ੁਰੂ ਕੀਤੀ। ਇਸ ਯਾਤਰਾ ਨੇ ਪੂਰੀ ਦੁਨੀਆ ਦਾ ਧਿਆਨ ਭਾਰਤ ਵੱਲ ਖਿੱਚਿਆ। ਜਦੋਂ ਗਾਂਧੀ ਜੀ ਨੇ 6 ਅਪ੍ਰੈਲ 1930 ਨੂੰ ਡਾਂਡੀ ਦੇ ਸਮੁੰਦਰ ਤੱਟ ’ਤੇ ਇੱਕ ਮੁੱਠੀ ਨਮਕ ਚੁੱਕਿਆ, ਤਾਂ ਉਨ੍ਹਾਂ ਨੇ ਬ੍ਰਿਟਿਸ਼ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਇਸ ਮਾਰਚ ਤੋਂ ਬਾਅਦ ਸਿਵਲ ਨਾ-ਫੁਰਮਾਨੀ ਅੰਦੋਲਨ ਸ਼ੁਰੂ ਹੋਇਆ, ਜਿਸ ਨੇ ਆਜ਼ਾਦੀ ਦੀ ਰਾਹ ਪੱਧਰੀ ਕੀਤੀ।

**ਸਾਬਰਮਤੀ ਆਸ਼ਰਮ ਦਾ ਆਰਕੀਟੈਕਚਰ ਅਤੇ ਮਿਊਜ਼ੀਅਮ** : ਅੱਜ ਸਾਬਰਮਤੀ ਆਸ਼ਰਮ ਇੱਕ ਵਿਸ਼ਵ ਪੱਧਰੀ ਅਜਾਇਬ ਘਰ ਹੈ। ਇਸ ਦਾ ਡਿਜ਼ਾਈਨ ਪ੍ਰਸਿੱਧ ਆਰਕੀਟੈਕਟ ਚਾਰਲਸ ਕੋਰੀਆ ਨੇ ਤਿਆਰ ਕੀਤਾ ਹੈ। ਇਹ ਮਿਊਜ਼ੀਅਮ ਗਾਂਧੀ ਜੀ ਦੇ ਜੀਵਨ ਦੀਆਂ ਤਸਵੀਰਾਂ, ਚਿੱਠੀਆਂ ਅਤੇ ਨਿੱਜੀ ਵਸਤੂਆਂ ਦਾ ਖਜ਼ਾਨਾ ਹੈ।

**ਗਾਂਧੀ ਜੀ ਦੀਆਂ ਚਿੱਠੀਆਂ**: ਇੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਉਹ ਚਿੱਠੀਆਂ ਹਨ ਜੋ ਗਾਂਧੀ ਜੀ ਨੇ ਦੁਨੀਆ ਭਰ ਦੇ ਨੇਤਾਵਾਂ ਅਤੇ ਆਮ ਲੋਕਾਂ ਨੂੰ ਲਿਖੀਆਂ।

**ਚਰਖਾ ਗੈਲਰੀ**: ਵੱਖ-ਵੱਖ ਕਿਸਮਾਂ ਦੇ ਚਰਖੇ ਜੋ ਤਕਨੀਕੀ ਵਿਕਾਸ ਅਤੇ ਸਵੈ-ਨਿਰਭਰਤਾ ਨੂੰ ਦਰਸਾਉਂਦੇ ਹਨ।

**ਪੁਸਤਕਾਲਾ**: ਇੱਥੇ ਗਾਂਧੀਵਾਦੀ ਫ਼ਲਸਫ਼ੇ ’ਤੇ ਹਜ਼ਾਰਾਂ ਕਿਤਾਬਾਂ ਮੌਜੂਦ ਹਨ।

**ਮੀਡੀਆ ਟੂਰ ਦਾ ਅਨੁਭਵ**: ਪੱਤਰਕਾਰਾਂ ਦੀਆਂ ਅੱਖਾਂ ਰਾਹੀਂ । ਟੂਰ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਗੁਜਰਾਤ ਨੇ ਗਾਂਧੀ ਜੀ ਦੇ ਸਵੱਛਤਾ ਅਤੇ ਸਵਾਲੰਭਨ ਦੇ ਸੁਪਨੇ ਨੂੰ ਕਿਵੇਂ ਅੱਗੇ ਵਧਾਇਆ ਹੈ। ਅੱਜ ਦਾ ਗੁਜਰਾਤ ਉਦਯੋਗਿਕ ਤਰੱਕੀ ਦੇ ਨਾਲ-ਨਾਲ ਆਪਣੀਆਂ ਜੜ੍ਹਾਂ ਨਾਲ ਵੀ ਜੁੜਿਆ ਹੋਇਆ ਹੈ।

**21ਵੀਂ ਸਦੀ ਵਿੱਚ ਗਾਂਧੀਵਾਦ ਦੀ ਸਾਰਥਕਤਾ** : ਕਈ ਲੋਕ ਸਵਾਲ ਕਰਦੇ ਹਨ ਕਿ ਕੀ ਅੱਜ ਦੇ ਐਟਮੀ ਯੁੱਗ ਅਤੇ ਡਿਜੀਟਲ ਦੁਨੀਆ ਵਿੱਚ ਅਹਿੰਸਾ ਅਤੇ ਸਾਦਗੀ ਸੰਭਵ ਹੈ ? ਸਾਬਰਮਤੀ ਆਸ਼ਰਮ ਦੀ ਫੇਰੀ ਇਸ ਸਵਾਲ ਦਾ ਜਵਾਬ ਦਿੰਦੀ ਹੈ। ਅੱਜ ਜਦੋਂ ਦੁਨੀਆ ਜਲਵਾਯੂ ਪਰਿਵਰਤਨ (Climate Change), ਮਾਨਸਿਕ ਤਣਾਅ ਅਤੇ ਹਿੰਸਾ ਨਾਲ ਜੂਝ ਰਹੀ ਹੈ ਤਾਂ ਗਾਂਧੀ ਜੀ ਦੇ ਵਿਚਾਰ ਲੋੜ ਅਨੁਸਾਰ ਵਰਤੋਂ, ਲਾਲਚ ਅਨੁਸਾਰ ਨਹੀਂ (Need vs Greed) ਸਭ ਤੋਂ ਵੱਧ ਸਾਰਥਕ ਲੱਗਦੇ ਹਨ। ਗਾਂਧੀ ਜੀ ਦਾ ਸਵਦੇਸ਼ੀ ਦਾ ਸੰਕਲਪ ਅੱਜ ਆਤਮਨਿਰਭਰ ਭਾਰਤ ਦੇ ਰੂਪ ਵਿੱਚ ਸਾਡੇ ਸਾਹਮਣੇ ਹੈ। ਉਨ੍ਹਾਂ ਦੀ ਨਈ ਤਾਲੀਮ (ਸਿੱਖਿਆ ਦਾ ਮਾਡਲ) ਅੱਜ ਦੀ ਨਵੀਂ ਸਿੱਖਿਆ ਨੀਤੀ ਵਿੱਚ ਕਿੱਤਾਮੁਖੀ ਸਿੱਖਿਆ ਵਜੋਂ ਝਲਕਦੀ ਹੈ।

**ਪੰਜਾਬ ਅਤੇ ਗੁਜਰਾਤ, ਸੱਭਿਆਚਾਰਕ ਅਤੇ ਰਾਸ਼ਟਰੀ ਸਾਂਝ** : ਪੰਜਾਬ ਅਤੇ ਗੁਜਰਾਤ ਦਾ ਰਿਸ਼ਤਾ ਬਹੁਤ ਗੂੜ੍ਹਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ‘ਪੰਜ ਪਿਆਰਿਆਂ’ ਵਿੱਚੋਂ ਭਾਈ ਮੋਹਕਮ ਸਿੰਘ ਜੀ, ਗੁਜਰਾਤ ਦੇ ਦੁਆਰਕਾ ਤੋਂ ਸਨ। ਆਜ਼ਾਦੀ ਦੀ ਲੜਾਈ ਵਿੱਚ ਲਾਲਾ ਲਾਜਪਤ ਰਾਏ ਅਤੇ ਮਹਾਤਮਾ ਗਾਂਧੀ ਦੇ ਵਿਚਾਰਾਂ ਨੇ ਪੂਰੇ ਦੇਸ਼ ਨੂੰ ਜਗਾਇਆ। ਪੰਜਾਬੀ ਪੱਤਰਕਾਰਾਂ ਨੇ ਗੁਜਰਾਤ ਦੇ ਵਿਕਾਸ ਮਾਡਲ ਅਤੇ ਵਿਰਾਸਤ ਨੂੰ ਦੇਖ ਕੇ ਇਹ ਮਹਿਸੂਸ ਕੀਤਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਭਾਵੇਂ ਭਾਸ਼ਾ ਵੱਖਰੀ ਹੋਵੇ, ਪਰ ਦੇਸ਼ ਭਗਤੀ ਦਾ ਜਜ਼ਬਾ ਇੱਕੋ ਜਿਹਾ ਹੈ।

**ਸਾਬਰਮਤੀ ਆਸ਼ਰਮ ਰੀ-ਡਿਵੈਲਪਮੈਂਟ ਪ੍ਰੋਜੈਕਟ, ਵਿਰਾਸਤ ਨੂੰ ਨਵਾਂ ਰੂਪ** : ਭਾਰਤ ਸਰਕਾਰ ਨੇ ਸਾਬਰਮਤੀ ਆਸ਼ਰਮ ਦੇ ਮੂਲ ਸਰੂਪ ਨੂੰ ਬਰਕਰਾਰ ਰੱਖਦਿਆਂ ਇਸ ਨੂੰ ਵਿਸ਼ਵ ਪੱਧਰੀ ਧਰੋਹਰ ਵਜੋਂ ਵਿਕਸਿਤ ਕਰਨ ਲਈ ਇੱਕ ਵੱਡਾ ਪ੍ਰੋਜੈਕਟ ਸ਼ੁਰੂ ਕੀਤਾ ਹੈ। ਇਸ ਦਾ ਉਦੇਸ਼ ਆਸ਼ਰਮ ਦੇ ਆਲੇ-ਦੁਆਲੇ ਦੇ ਖੇਤਰ ਨੂੰ ਉਸੇ ਤਰ੍ਹਾਂ ਦਾ ਸ਼ਾਂਤ ਅਤੇ ਹਰਿਆ-ਭਰਿਆ ਬਣਾਉਣਾ ਹੈ ਜਿਵੇਂ ਗਾਂਧੀ ਜੀ ਦੇ ਸਮੇਂ ਸੀ। ਇਸ ਪ੍ਰੋਜੈਕਟ ਨਾਲ ਸੈਲਾਨੀਆਂ ਨੂੰ ਗਾਂਧੀ ਜੀ ਦੇ ਜੀਵਨ ਬਾਰੇ ਹੋਰ ਵੀ ਡੂੰਘਾਈ ਨਾਲ ਜਾਣਕਾਰੀ ਮਿਲੇਗੀ।

**ਇੱਕ ਨਵੀਂ ਚੇਤਨਾ ਦੀ ਸ਼ੁਰੂਆਤ** : ਕੋਚਰਬ ਆਸ਼ਰਮ ਤੋਂ ਸਾਬਰਮਤੀ ਆਸ਼ਰਮ ਤੱਕ ਦਾ ਸਫ਼ਰ ਸਿਰਫ਼ ਭੂਗੋਲਿਕ ਸਫ਼ਰ ਨਹੀਂ ਹੈ ਸਗੋਂ ਇਹ ਵਿਚਾਰਾਂ ਦਾ ਵਿਕਾਸ ਹੈ। ਇਹ ਦਰਸਾਉਂਦਾ ਹੈ ਕਿ ਕਿਵੇਂ ਇੱਕ ਵਿਅਕਤੀ ਨੇ ਆਪਣੀ ਨੈਤਿਕ ਸ਼ਕਤੀ ਨਾਲ ਦੁਨੀਆ ਦੇ ਸਭ ਤੋਂ ਵੱਡੇ ਸਾਮਰਾਜ ਨੂੰ ਗੋਡਿਆਂ ਭਾਰ ਕਰ ਦਿੱਤਾ। PIB ਜਲੰਧਰ ਵੱਲੋਂ ਆਯੋਜਿਤ ਇਹ ਮੀਡੀਆ ਟੂਰ ਪੱਤਰਕਾਰਾਂ ਲਈ ਇੱਕ ਅੱਖਾਂ ਖੋਲ੍ਹਣ ਵਾਲਾ ਅਨੁਭਵ ਸੀ। ਇਸ ਨੇ ਸਾਨੂੰ ਯਾਦ ਦਿਵਾਇਆ ਕਿ ਪੱਤਰਕਾਰੀ ਦਾ ਮੁੱਖ ਉਦੇਸ਼ ਸੱਚ ਨੂੰ ਸਾਹਮਣੇ ਲਿਆਉਣਾ ਅਤੇ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆਉਣਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਗਾਂਧੀ ਜੀ ਨੇ ਆਪਣੇ ਅਖ਼ਬਾਰਾਂ ‘ਯੰਗ ਇੰਡੀਆ’ ਅਤੇ ‘ਹਰੀਜਨ’ ਰਾਹੀਂ ਕੀਤਾ ਸੀ।

ਇਹ ਆਸ਼ਰਮ ਸਾਨੂੰ ਹਮੇਸ਼ਾ ਯਾਦ ਦਿਵਾਉਂਦੇ ਰਹਿਣਗੇ ਕਿ ਲੋਕਤੰਤਰ ਉਦੋਂ ਹੀ ਫਲਦਾ-ਫੁੱਲਦਾ ਹੈ ਜਦੋਂ ਅਸੀਂ ਆਪਣੇ ਇਤਿਹਾਸ ਤੋਂ ਸਿੱਖਦੇ ਹਾਂ ਅਤੇ ਆਪਣੇ ਵਰਤਮਾਨ ਪ੍ਰਤੀ ਜ਼ਿੰਮੇਵਾਰ ਹੁੰਦੇ ਹਾਂ। ਅੱਜ ਦੇ ਦੌਰ ਵਿੱਚ ਗਾਂਧੀ ਜੀ ਦੇ ਵਿਚਾਰਾਂ ਦੀ ਲੋਅ ਵਿੱਚ ਹੀ ਅਸੀਂ ਇੱਕ ਸ੍ਰੇਸ਼ਠ ਅਤੇ ਵਿਕਸਿਤ ਭਾਰਤ ਦਾ ਨਿਰਮਾਣ ਕਰ ਸਕਦੇ ਹਾਂ।




# ਅਧਿਕਾਰਾਂ ਦੇ ਨਾਲ ਹੀ ਆਪਣੇ ਫਰਜ਼ ਵੀ ਪਹਿਚਾਣੇ ਇਹ ਜਗਤ ਦੀ ਜਨਨੀ

ਸਰੋਕਾਰ
ਦਲਬੀਰ ਸਿੰਘ ਧਾਲੀਵਾਲ
86993-22704



ਆਓ ਪਹਿਲਾਂ ਇਹ ਜਾਣੀਏ ਕਿ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਮਹੱਤਤਾ ਕੀ ਹੈ। ਇਹ ਦਿਵਸ ਕਦੋਂ, ਕਿਵੇਂ ਅਤੇ ਕਿੱਥੋਂ ਸ਼ੁਰੂ ਹੋਇਆ ਸੀ। ਖੋਜਕਾਰਾਂ ਦਾ ਕਹਿਣਾ ਹੈ ਕਿ 1910 ਵਿੱਚ ਕਲਾਰਾ ਜੈਟਕਿੰਨ ਨਾਂ ਦੀ ਔਰਤ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਨੀਂਹ ਰੱਖੀ ਸੀ। ਇਹ ਦਿਵਸ ਮਜ਼ਦੂਰਾਂ ਦੇ ਅੰਦਲੋਨ ਤੋਂ ਉਤਪਨ ਹੋਇਆ ਸੀ ਜਿਸ ਨੂੰ ਬਾਦ ਵਿੱਚ ਸੰਯੁਕਤ ਰਾਸ਼ਟਰ ਵੱਲੋਂ ਇੱਕ ਸਲਾਨਾ ਦਿਵਸ ਵਜੋਂ ਮਾਨਤਾ ਦਿੱਤੀ ਗਈ। ਅੱਜ ਤੋਂ ਕਰੀਬ 118 ਸਾਲ ਪਹਿਲਾਂ 1908 ਵਿੱਚ ਇਸ ਦੀ ਸ਼ੁਰੂਆਤ ਹੋਈ ਸੀ ਜਦੋਂ ਨਿਊਯਾਰਕ ਵਿੱਚ ਕਰੀਬ 15 ਹਜ਼ਾਰ ਔਰਤਾਂ ਨੇ ਪਰੇਡ ਕੱਢੀ ਸੀ। ਇਹ ਦਿਵਸ ਕੇਵਲ 8 ਮਾਰਚ ਨੂੰ ਹੀ ਕਿਉਂ ਸ਼ੁਰੂ ਹੋਇਆ ਜਿਸ ਦਾ ਤੱਥ ਇਹ ਹੈ ਕਿ ਜਦੋਂ ਕਲਾਰਾ ਜ਼ੈਟਕਿੰਨ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਦਾ ਸੁਝਾਅ ਦਿੱਤਾ ਸੀ ਤਾਂ ਉਨ੍ਹਾਂ ਦੇ ਮਨ ਵਿੱਚ ਕੁੱਝ ਖਾਸ ਤਰੀਕ ਨਹੀਂ ਸੀ। ਜਦੋਂ ਇਹ ਦਿਵਸ 1917 ਵਿੱਚ ਮਨਾਉਣ ਤੈਅ ਹੋਇਆ ਤਦੋਂ ਰੂਸ ਦੀਆਂ ਔਰਤਾਂ ਨੇ ਰੋਟੀ ਤੇ ਅਮਨ ਦੀ ਮੰਗ ਕਰਦੇ ਹੋਏ ਜ਼ਾਰ ਦੇ ਸ਼ਾਸਨ ਵਿਰੁੱਧ ਹੜਤਾਲ ਅਤੇ ਸੰਘਰਸ਼ ਕੀਤਾ ਜਿਸ ਤੋਂ ਬਾਦ ਜ਼ਾਰ ਨਿਕੋਲਸ ਦੂਜੇ ਨੂੰ ਆਪਣੀ ਗੱਦੀ ਛੱਡਣੀ ਪਈ ਸੀ 8 ਮਾਰਚ ਨੂੰ ਅਤੇ ਫਿਰ ਹੁਣ ਪਿਛਲੀ ਇੱਕ ਸਦੀ ਤੋਂ 8 ਮਾਰਚ ਨੂੰ ਹੀ ਇਹ ਦਿਵਸ ਮਨਾਇਆ ਜਾਂਦਾ ਹੈ। ਭਾਰਤ ਵਿੱਚ ਇਹ ਦਿਵਸ 2004 ਨੂੰ ਭਾਰਤ ਦੀ ਪਹਿਲੀ ਰਾਜਪਾਲ ਰਹੀ ਸ੍ਰੀਮਤੀ ਸਰੋਜੀ ਨਾਇਡੂ ਦੀ 135ਵੀਂ ਜਯੰਤੀ ਵਾਲੇ ਦਿਨ ਮਨਾਉਣਾ ਸ਼ੁਰੂ ਹੋਇਆ ਜਿਸ ਨੇ ਸੁੰਤਤਰਤਾ ਸੰਗਰਾਮ ਅਤੇ ਔਰਤ ਦੇ ਹੱਕਾਂ ਲਈ ਅਹਿਮ ਸੰਘਰਸ਼ ਕੀਤਾ ਸੀ। ਖੈਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਕਰੀਬ 550 ਸਾਲ ਪਹਿਲਾਂ ਹੀ ਆਪਣੀ ਬਾਣੀ ਵਿੱਚ ਔਰਤਾਂ ਦੇ ਅਧਿਕਾਰਾਂ ਬਾਰੇ ਇਹ ਸ਼ਬਦ ਆਪਣੀ ਬਾਣੀ ਵਿੱਚ ਉਚਾਰਣ ਕੀਤੇ ਸਨ : " ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ " ਭਾਵ ਕਿ ਇਸ ਔਰਤ ਨੇ ਰਾਜਿਆਂ, ਮਹਾਂਰਾਜਿਆਂ ਅਤੇ ਮਹਾਂਪੁਰਖਾਂ ਨੂੰ ਜਨਮ ਦਿੱਤਾ ਹੈ। ਬਿਲਕੁੱਲ ਸੱਚ ਹੈ ਮਹਾਰਾਜਾ ਰਣਜੀਤ ਸਿੰਘ ਜੋ ਪੰਜਾਬ ਦੇ ਹੀ ਨਹੀਂ ਬਲਕਿ ਉਸ ਵੇਲੇ ਦੇ ਭਾਰਤ ਦੇ ਇੱਕ ਮਹਾਨ ਸ਼ਾਸਕ ਹੋਏ ਜਿੰਨਾਂ ਦੇ ਨਾਨਕੇ ਨਾਭਾ ਕੋਲ ਬਡਰੁੱਖਾਂ ਪਿੰਡ ਵਿੱਚ ਸਨ ਜਿਥੇ ਉਨ੍ਹਾਂ ਦਾ ਪੁਰਾਣਾ ਕਿਲ੍ਹਾ ਵੀ ਯਾਦਗਾਰ ਵਜੋਂ ਅੱਜ ਹੈ। ਕਹਿੰਦੇ ਹਨ ਕਿ ਉਨ੍ਹਾਂ ਦੀ ਮਾਤਾ ਦਾ ਜਦੋਂ ਜਨਮ ਹੋਇਆ ਤਾਂ ਉਦੋਂ ਧੀ ਜੰਮਣਾਂ ਵੱਡਾ ਪਾਪ ਸੀ ਜਿਸ ਕਰਕੇ ਇਸ ਲੜਕੀ ਨੂੰ ਜਮੀਨ ਵਿੱਚ ਟੋਆ ਪੁੱਟ ਕੇ ਉਸ ਦੇ ਮਾਪੇ ਦੱਬਣ ਲੱਗੇ ਸਨ ਪਰ ਕੁੜੀ ਦੀ ਮਾਂ ਅਤੇ ਕੁੱਝ ਹੋਰ ਲੋਕਾਂ ਵੱਲੋਂ ਜ਼ਿਆਦਾ ਕਹਿਣ ਤੇ ਉਸ ਬੇਟੀ ਨੂੰ ਟੋਏ ਵਿੱਚੋਂ ਕੱਢ ਲਿਆ ਗਿਆ ਅਤੇ ਪਾਲਿਆ ਪਲੋਸਿਆ। ਵੇਖੋ ਫਿਰ ਉਸੇ ਧੀ ਨੇ ਵੱਡੀ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਜਨਮ ਦਿੱਤਾ ਸੀ ਜੋ ਗੁਰੂ ਜੀ ਦੇ ਉਪਰੋਕਤ ਪ੍ਰਵਚਨਾ ਉੱਤੇ ਖਰੀ ਉਤਰਦੀ ਹੈ ਪਰ ਅਫਸੋਸ ਹੈ ਕਿ ਅੱਜ ਗੁਰੂਆਂ ਦੀ ਧਰਤੀ ਪੰਜਾਬ ਵਿੱਚ ਹੀ ਹੋਰਨਾਂ ਨੂੰ ਤਾਂ ਕੀ ਕਹੀਏ ਪਰ ਸਿੱਖ ਧਾਰਮਿਕ ਆਗੂ ਹੀ ਇਸ ਬਾਣੀ ਉੱਤੇ ਖਰੇ ਨਹੀਂ ਉਤਰ ਰਹੇ ਕਿਉਂਕਿ ਉਹ ਨਾਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠ ਕੇ ਪਾਠ ਕਰਨ ਦੀ ਆਗਿਆ ਕਿਉਂ ਨਹੀਂ ਦਿੰਦੇ ਜਦੋਂ ਕਿ ਸਿੱਖ ਧਰਮ ਵਿੱਚ ਇੰਨ੍ਹਾਂ ਨਾਰੀਆਂ ਨੇ ਹੀ ਬਹੁਤ ਵੱਡੀਆਂ ਕੁਰਬਾਨੀਆਂ ਵੀ ਕੀਤੀਆਂ ਹਨ।

ਕੀ ਇਹ ਸਿੱਖ ਆਗੂ ਹੁਣ ਮੰਨੂਵਾਦੀ ਹੋ ਗਏ ਹਨ।ਇਵੇਂ ਹੀ ਹਿੰਦੂ ਧਰਮ ਦੇ ਇੱਕ ਮੰਦਰ ਵਿੱਚ 13 ਸਾਲ ਤੋਂ ਵੱਧ ਉਮਰ ਦੀ ਔਰਤਾਂ ਨੂੰ ਜਾਣ ਦੀ ਮਨਾਹੀ ਹੈ ਜਿਸ ਦਾ ਤਰਕ ਹੈ ਕਿ ਇਸ ਉਮਰ ਵਿੱਚ ਲੜਕੀ ਨੂੰ ਮਾਂਹਵਾਰੀ ਆ ਜਾਂਦੀ ਹੈ ਅਤੇ ਉਹ ਅਪਵਿੱਤਰ ਹੋ ਜਾਂਦੀ ਹੈ। ਅੱਜ ਦੇ ਆਧੁਨਿਕ ਯੁੱਗ ਵਿੱਚ ਨਾਰੀ ਪ੍ਰਤੀ ਅਜਿਹੀ ਸੋਚ ਰੱਖਣਾ ਇੱਕ ਬਹੁਤ ਵੱਡੀ ਅਗਿਆਨਤਾ ਹੈ ਜਦੋਂ ਕਿ ਅੱਜ ਔਰਤਾਂ ਨੇ ਸਮਾਜ ਦੇ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਹੀ ਵੱਡੀਆਂ ਪ੍ਰਾਪਤੀਆਂ ਕੀਤੀਆਂ ਅਤੇ ਕਰ ਰਹੀਆਂ ਹਨ। ਜਿਵੇਂ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਜੀ ਅੰਬੇਡਕਰ ਵੱਲੋਂ ਦਿਵਾਏ ਗਏ ਸੰਵਿਧਾਨਿਕ ਅਧਿਕਾਰਾਂ ਦੇ ਬਲਬੂਤੇ ਉੱਤੇ ਔਰਤਾਂ ਖੁਦ ਪੁਲਿਸ ਅਸਫ਼ਰ, ਜੱਜ, ਪ੍ਰਸ਼ਾਸਨਿਕ ਅਫ਼ਸਰ, ਮੰਤਰੀ, ਗਵਰਨਰ ਤਾਂ ਹਨ ਹੀ ਸਗੋਂ ਭਾਰਤ ਦੇ ਸਭ ਤੋਂ ਉੱਚੇ ਅਹੁੱਦੇ ਉੱਤੇ ਰਾਸ਼ਟਰਪਤੀ ਵਜੋਂ ਵੀ ਬੈਠ ਚੁੱਕੀਆਂ ਹਨ। ਇਸ ਤੋਂ ਇਲਾਵਾ ਵਿੱਦਿਅਕ ਅਤੇ ਖੇਡਾਂ ਦੇ ਖੇਤਰ ਵਿੱਚ ਵੀ ਬਹੁਤ ਵੱਡੀਆਂ ਮੱਲਾਂ ਮਾਰਦੇ ਹੋਏ ਦੇਸ਼ ਦਾ ਨਾਮ ਰੋਸ਼ਨ ਕਰ ਰਹੀਆਂ ਹਨ ਜਿਵੇਂ ਕਿ ਸਾਲ 2020 ਵਿੱਚ ਟੋਕੀਓ ਉਲੰਪਿਕ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਨੇ ਕਾਂਸੀ ਦਾ ਤਗਮਾ ਜਿੱਤਿਆ ਸੀ ਅਤੇ ਇਸ ਤੋਂ ਇਲਾਵਾ ਮੁੱਕੇਬਾਜੀ, ਕੁਸ਼ਤੀ, ਤੀਰਅੰਦਾਜੀ, ਵੇਟ ਲਿਟਿੰਗ ਵਿੱਚ ਲੜਕੀਆਂ ਨੇ ਸੋਨ ਤਗਮੇ ਅਤੇ ਚਾਂਦੀ ਦੇ ਤਗਮੇ ਵੀ ਜਿੱਤੇ ਹਨ। ਇੰਜ ਹੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਪ੍ਰਸ਼ਾਸਨਿਕ ਨਤੀਜਿਆਂ ਵਿੱਚ ਵੀ ਅੱਜ ਲੜਕੀਆਂ ਲੜਕਿਆਂ ਤੋਂ ਅੱਗੇ ਜਾ ਰਹੀਆਂ ਹਨ। ਇਸ ਤੋਂ ਇਲਾਵਾ ਕਈ ਹਿੰਮਤੀ ਨਾਰੀਆਂ ਦੀਆਂ ਹੋਰ ਵੀ ਮਿਸਾਲਾਂ ਹਨ ਜਿਵੇਂ ਕਿ : 1) ਔਰਤਾਂ ਲਈ ਮਿਸਾਲ ਬਣੀ ਹੈ ਪਠਾਨਕੋਟ ਦੀ ਧੀ ਭਾਵਨਾ ਜਿਸ ਨੇ ਪਤੀ ਦੀ ਮੌਤ ਤੋਂ ਬਾਦ ਬੱਚਿਆਂ ਦੇ ਭਵਿੱਖ ਲਈ ਲੋਨ ਤੇ ਆਟੋ ਲੈ ਕੇ ਕੰਮ ਸ਼ੁਰੂ ਕੀਤਾ ਪਰ ਕਿਸੇ ਅੱਗੇ ਹੱਥ ਨਹੀਂ ਫੈਲਾਇਆ। 2) ਬਠਿੰਡਾ ਇਲਾਕੇ ਦੀ ਅਰਸ਼ਮ ਰਾਣੀ ਜਿਸ ਨੇ ਪਿਤਾ ਦੀ ਗੰਭੀਰ ਬਿਮਾਰੀ ਤੋਂ ਬਾਅਦ ਭਰਾ ਦੇ ਨਾ ਹੋਣ ਕਾਰਨ ਪਿਕਅੱਪ ਗੱਡੀ ਲੈ ਕੇ ਘਰ ਦੇ ਰੁਜ਼ਗਾਰ ਲਈ ਚਲਾਉਣੀ ਸ਼ੁਰੂ ਕੀਤੀ ਹੈ। 3) ਇੱਕ ਤਾਜਾਂ ਖਬਰ ਅਨੁਸਾਰ ਸਿੱਖਿਆ ਖੇਤਰ ਵਿੱਚ ਮਹਿਲਾ ਟੀਚਰਾਂ ਦੀ ਨਿਯੁਕਤੀ ਕਾਰਨ ਵਿਸ਼ੇਸ਼ਕਰ ਲੜਕੀਆਂ ਦੀ ਵਿੱਦਿਆ ਵਿੱਚ ਬਹੁਤ ਸੁਧਾਰ ਹੋਇਆ ਹੈ। 4) ਹਜ਼ਾਰਾਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਕਰਨ ਵਾਲੀ ਦਿੱਲੀ ਦੀ ਪੂਜਾ ਸ਼ਰਮਾ ਦਾ ਨਾਮ ਵੀ ਵਿਸ਼ੇਸ਼ ਜ਼ਿਕਰਯੋਗ ਹੈ। ਅਜਿਹੀਆਂ ਹੋਰ ਵੀ ਬਹੁਤ ਪ੍ਰਾਪਤੀਆਂ ਹਨ ਇੰਨ੍ਹਾਂ ਮਹਿਲਾਵਾਂ ਦੀਆਂ ਹਰ ਖੇਤਰ ਵਿੱਚ। ਖਾਸ ਕਰਕੇ ਸਾਡੇ ਦੇਸ਼ ਵਿੱਚ ਬਲਾਤਕਾਰ ਵਰਗੇ ਅਪਰਾਧਾਂ ਲਈ ਇੱਕ ਵਿਸ਼ੇਸ਼ ਪਹੁੰਚ ਦੀ ਲੋੜ ਹੈ ਜਿਸ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਜਦੋਂ ਕਿ ਸੁਪਰੀਮ ਕੋਰਟ ਨੇ ਹੁਣ ਇੱਕ ਵਿਸ਼ੇਸ਼ ਮਾਪਦੰਡ ਬਣਾਇਆ ਹੈ ਕਿ ਬਲਤਾਕਾਰ ਦੇ ਮਾਮਲਿਆਂ ਦੀ ਸੁਣਵਾਈ ਕਰਦੇ ਸਮੇਂ ਹੇਠਲੀਆਂ ਅਦਾਲਤਾਂ ਸੰਵੇਦਸੀਲ ਹੋਣੀਆਂ ਚਾਹੀਦੀਆਂ ਹਨ। ਜਿਵੇਂ ਕਿ ਪਿਛਲੇ ਸਾਲ ਮਾਰਚ ਵਿੱਚ ਇਲਾਹਾਬਾਦ ਹਾਈਕੋਰਟ ਨੇ ਇੱਕ ਨਾਬਾਲਗ ਲੜਕੀ ਦੇ ਜਿਨਸੀ ਸ਼ੋਸਣ ਲਈ ਸਰੀਰਕ ਜ਼ਬਰਦਸਤੀ ਨੂੰ ਬਲਾਤਕਾਰ ਦੀ ਕੋਸ਼ਿਸ਼ ਨਹੀਂ ਮੰਨਿਆ ਅਤੇ ਇਹ ਕੇਸ ਖਾਰਜ ਕਰ ਦਿੱਤਾ। ਜਿਸ ਦੇ ਵਿਰੁੱਧ ਆਮ ਲੋਕਾਂ ਵੱਲੋਂ ਬਹੁਤ ਟਿੱਪਣੀਆਂ ਹੋਈਆਂ ਫਿਰ ਸੁਪਰੀਮ ਕੋਰਟ ਵੱਲੋਂ ਇਲਾਹਾਬਾਦ ਹਾਈਕੋਰਟ ਦੇ ਫੈਸਲੇ ਨੂੰ ਰੱਦ ਕਰਕੇ ਇੱਕ ਵਾਰ ਔਰਤਾਂ ਦੀ ਇੱਜ਼ਤ ਤੇ ਅਧਿਕਾਰਾਂ ਦੀ ਰੱਖਿਆ ਲਈ ਨਿਆਂਇਕ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਅਤੇ ਦੋਸ਼ੀਆਂ ਨੂੰ ਸਜ਼ਾ ਸੁਣਾਉਂਦੇ ਹੋਏ ਸੁਪਰੀਮ ਕੋਰਟ ਨੇ ਸਪੱਸ਼ਟ ਕਿਹਾ ਸੀ ਕਿ ਇਹ ਫੈਸਲਾ ਪੂਰੀ ਤਰ੍ਹਾਂ ਗਲਤ ਅਤੇ ਅਣਮਨੁੱਖਤਾ ਨੂੰ ਜਨਮ ਦਿੰਦਾ ਹੈ।

ਪ੍ਰੰਤੂ ਜੇ ਸੋਚਿਆ ਜਾਵੇ ਤਾਂ ਇਹ ਸਭ ਦੇ ਬਾਵਜੂਦ ਔਰਤਾਂ ਉਪਰ ਹੁੰਦੇ ਜ਼ੁਲਮਾਂ ਨੂੰ ਠੱਲ ਕਿਉਂ ਨਹੀਂ ਪੈ ਰਹੀ।

ਅੱਜ ਉਨ੍ਹਾਂ ਨੌਜਵਾਨ ਲੜਕੀਆਂ ਦੀ ਪ੍ਰਸ਼ੰਸਾ ਕਰਨੀ ਵੀ ਬਣਦੀ ਹੈ ਜੋ ਧਾਰਮਿਕ ਜੱਥੇ ਦੇ ਰੂਪ ਵਿੱਚ ਸਿੱਖ ਇਤਿਹਾਸ ਦੀਆਂ ਜਾਂ ਹੋਰ ਸ਼ਹੀਦੀ ਵਾਰਾਂ ਸੁਣਾ ਕੇ ਸਾਡੇ ਚੰਗੇ ਸਭਿਆਚਾਰਕ ਅਤੇ ਔਰਤ ਦੇ ਚੰਗੇ ਕਾਰਨਾਮਿਆਂ ਦੀ ਮਿਸਾਲ ਪੈਦਾ ਕਰਦੀਆਂ ਹਨ ਪ੍ਰੰਤੂ ਇਸ ਦੇ ਨਾਲ ਹੀ ਸਾਡੀਆਂ ਉਨ੍ਹਾਂ ਔਰਤ ਗੀਤਕਾਰਾਂ ਅਤੇ ਗਾਇਕਾਂ ਦੀ ਇਸ ਘਟੀਆ ਭੂਮਿਕਾ ਤੇ ਅਫਸੋਸ ਵੀ ਆਉਂਦਾ ਹੈ ਜੋ ਹੇਠ ਲਿਖੇ ਗੀਤ : " ਸਹੇਲੀਆਂ ਵੀ ਰਹਿੰਦੀਆਂ ਨੇ ਡਰ ਡਰ ਕੇ ਕਿ ਜੱਟੀ ਵੈਲੀ ਨਾਲ ਮੰਗੀ ਹੋਈ ਆ " , ਨਾਰੀ ਜਾਤੀ ਦੇ ਆਚਰਣ ਨੂੰ ਕਲੰਕਿਤ ਕਰਦੀਆਂ ਹਨ।

ਪੁਰਾਣੇ ਜਮਾਨੇ ਵਿੱਚ ਵਿੱਚ ਤਾਂ ਜ਼ੁਲਮਾਂ ਦਾ ਕਾਰਨ ਵਿਦੇਸ਼ੀ ਧਾੜਵੀ ਸਨ, ਪਰ ਹੁਣ ਤਾਂ ਇਹ ਧਾੜਵੀ ਹਰ ਮੋੜ ਤੇ ਆਂਢ ਗੁਆਂਢ ਵਿੱਚ ਹੀ ਮੌਜੂਦ ਹਨ ਜੋ ਦਾਜ ਦੇ ਲਾਲਚ, ਸਮੂਹਿਕ ਬਲਾਤਕਾਰਾਂ, ਤੇਜ਼ਾਬ ਸੁੱਟਣ ਵਾਲੇ ਤਰੀਕਿਆਂ ਅਤੇ ਰੇਪ ਕਰਨ ਉਪਰੰਤ ਮਾਰ ਦੇਣ ਵਾਲੇ ਇਹ ਹਤਿਆਰੇ ਬਜ਼ੁਰਗਾਂ ਤੇ ਨੌਜਵਾਨ ਔਰਤਾਂ, ਸਕੂਲੀ ਵਿਦਿਆਰਥਣਾਂ, ਬੇਬਸ ਗੁੰਗੀਆਂ-ਬੋਲੀਆਂ ਅਬਲਾਵਾਂ ਤੇ ਛੋਟੀ ਬੱਚੀਆਂ ਨੂੰ ਵੀ ਨਹੀਂ ਬਖਸ਼ਦੇ। ਸ਼ਾਇਦ ਅਜੱਕਲ੍ਹ ਭਰੂਣ ਹੱਤਿਆਂ ਦੇ ਇਹੋ ਹੀ ਕਾਰਨ ਹਨ। ਕਿਉਂਕਿ ਨਾ ਹੀ ਇਹਨਾਂ ਜ਼ੁਲਮਾਂ ਨੂੰ ਠੱਲ੍ਹ ਪੈ ਰਹੀ ਹੈ ਅਤੇ ਨਾ ਹੀ ਪੀੜਤਾਂ ਨੂੰ ਸਹੀ ਇਨਸਾਫ ਮਿਲਦਾ ਹੈ।

1)ਜਿਵੇਂ ਕਿ ਪਿਛਲੇ ਸਾਲ ਰੱਖੜੀ ਵਾਲੇ ਦਿਨ ਹੀ ਫਿਰੋਜ਼ਪੁਰ ਵਿਖੇ ਮਤੇਰੇ ਭਰਾ ਨੇ ਭੈਣ ਨਾਲ ਜ਼ਬਰ ਜਿਨਾਹ ਕੀਤਾ ਜਿਸ ਵਿੱਚ ਮਤਰੇਈ ਮਾਂ ਦਾ ਵੀ ਹੱਥ ਸੀ। 2) ਸਤੰਬਰ 2024 ਵਿੱਚ ਕੱਲਕਤਾ ਮੈਡੀਕਲ ਕਾਲਜ ਦੀ ਇੱਕ ਜੂਨੀਅਰ ਡਾਕਟਰ ਨਾਲ ਸਮੂਹਿਕ ਬਲਾਤਕਾਰ ਕਰਨ ਬਾਦ ਹੱਤਿਆ ਕਰ ਦਿੱਤੀ ਗਈ ਜਿਸ ਕਰਕੇ ਮੈਡੀਕਲ ਵਿਦਿਆਰਥੀਆਂ, ਡਾਕਟਰਾਂ ਅਤੇ ਹੋਰ ਸਮਾਜ ਸੇਵੀ ਔਰਤਾਂ ਨੇ ਧਰਨੇ ਪ੍ਰਦਰਸ਼ਨ ਕੀਤੇ, ਕੈਂਡਲ ਮਾਰਚ ਵੀ ਕੱਢੇ ਅਤੇ ਮੀਡੀਆ ਨੇ ਬਹੁਤ ਖਬਰਾਂ ਵੀ ਲਗਾਈਆਂ ਪਰ ਕੁੱਝ ਔਰਤਾਂ ਕਹਿ ਰਹੀਆਂ ਸਨ ਕਿ ਇੰਨ੍ਹਾਂ ਕੈਂਡਲ ਮਾਰਚਾਂ ਨਾਲੋਂ ਤਾਂ ਬਲਾਤਕਾਰੀਆਂ ਨੂੰ ਗੋਲੀ ਮਾਰ ਦੇਣੀ ਚਾਹੀਦੀ ਹੈ, ਔਰਤਾਂ ਨੂੰ ਹੁਣ ਫੂਲਨ ਦੇਵੀਆਂ ਬਣਨਾ ਪਵੇਗਾ ਕਿਉਂਕਿ ਸਰਕਾਰਾਂ ਦਾ ਲੇਟ ਲਤੀਫੀ ਇਨਸਾਫ ਸਾਡੇ ਉਪਰ ਹੁੰਦੇ ਜ਼ੁਲਮਾਂ ਦਾ ਹੱਲ ਨਹੀਂ ਹੈ। ਇੱਥੇ ਇਹ ਵੀ ਜਾਪਦਾ ਸੀ ਕਿ ਜਿਵੇਂ ਉਸ ਜੂਨੀਅਰ ਮਹਿਲਾ ਡਾਕਟਰ ਦੀ ਰੂਹ ਵਿੱਚੋਂ ਇਹ ਅਵਾਜ਼ ਆ ਰਹੀ ਹੋਵੇ : " ਜਬ ਮੈਂ ਜਿੰਦਾ ਥੀ ਤੋਂ ਮੇਰੀ ਅਵਾਜ਼ ਕੀੜੇ ਤੱਕ ਨੇ ਨਾ ਸੁਨੀ, ਅਬ ਇਸਕਾ ਸਮਾਚਾਰ ਬਨਾ ਕਰ ਕਿਆ ਕਰੋਗੇ। ਕੁਸ਼ ਤੇ ਐਸਾ ਕਰੋ ਕਿ ਯੇਹ ਦਰਿੰਦਗੀ ਖਤਮ ਹੋ ਜਾਏ, ਵਰਨਾ ਹਰ ਜਗਹ ਯੇਹ ਮੋਮਬੱਤੀਆਂ ਜਲਾਕਰ ਕਿਆ ਕਰੋਗੇ। ਐਸਾ ਹਸ਼ਰ ਕਰੋ ਮੇਰੇ ਬਲਾਤਕਾਰੀਓਂ ਕਾ ਕਿ ਮੇਰੀ ਆਤਮਾ ਕੋ ਸ਼ਾਂਤੀ ਮਿਲੇ, ਵਰਨਾ ਮੇਰੀ ਅਸਤੀਆਂ ਪਾਣੀ ਮੇਂ ਬਹਾਕੇ ਕਿਆ ਕਰੋਗੇ "।

3) ਫਿਰ ਇਸ ਤੋਂ ਥੋੜ੍ਹੇ ਦਿਨਾਂ ਬਾਦ ਹੀ ਪੀ.ਜੀ.ਆਈ. ਚੰਡੀਗੜ੍ਹ ਦੀ ਇੱਕ ਜੂਨੀਅਰ ਡਾਕਟਰ ਨਾਲ ਛੇੜਛਾੜ ਦੀ ਘਟਨਾ ਵਾਪਰੀ ਜਿਸ ਤੇ ਵੀ ਬੜੇ ਵਿਖਾਵੇ ਧਰਨੇ ਪ੍ਰਦਰਸ਼ਨ ਹੋਏ। 4) ਕੁੱਝ ਸਾਲ ਪਹਿਲਾਂ ਮਹਾਂਰਾਸ਼ਟਰ ਦੇ ਬਦਲਾਪੁਰ ਵਿੱਚ 3 ਤੇ 4 ਸਾਲ ਦੀ ਬੱਚੀਆਂ ਨਾਲ ਹੋਈ ਅਜਿਹੀ ਘਟਨਾ ਨੇ ਲੋਕਾਂ ਦਾ ਦਿਲ ਝਿੰਜੋੜ ਦਿੱਤਾ ਸੀ ਪਰ ਉਸ ਦੇ ਮਾਪਿਆਂ ਨੂੰ 32 ਸਾਲਾਂ ਬਾਅਦ ਅਦਾਲਤੀ ਇਨਸਾਫ ਮਿਲਿਆ। ਜਦੋਂ ਕਿ ਸਾਡੇ ਦੇਸ਼ ਵਿੱਚ ਜਿੰਨੇ ਧਾਰਮਿਕ ਅਸਥਾਨ ਹਨ ਤੇ ਜਿੰਨੀ ਪਾਠ ਪੂਜਾ ਇੱਥੇ ਹੁੰਦੀ ਹੈ ਇਹ ਸਾਰੀ ਦੁਨੀਆਂ ਤੋਂ ਵੱਧ ਹੈ। ਕੰਜਕ ਪੂਜਨ ਦਿਹਾੜੇ ਵੀ ਲੋਕ ਬੜੇ ਜ਼ੋਰ ਨਾਲ ਮਨਾਉਂਦੇ ਹਨ ਅਤੇ " ਬੇਟੀ ਬਚਾਓ ਬੇਟੀ ਪੜ੍ਹਾਓ " ਦੇ ਨਾਅਰੇ ਤੇ ਪ੍ਰਚਾਰ ਵੀ ਸਾਡੇ ਸਿਆਸੀ ਲੀਡਰਾਂ ਵੱਲੋਂ ਬਹੁਤ ਹੁੰਦਾ ਹੈ ਪ੍ਰੰਤੂ ਫਿਰ ਵੀ ਔਰਤਾਂ ਉੱਤੇ ਜ਼ੁਲਮ ਕਿਉਂ ਵੱਧ ਰਹੇ ਹਨ। ਕੀ ਇਹ ਪਾਠ ਪੂਜਾ ਸਿਰਫ ਵਿਖਾਵੇ ਬਾਜੀ ਹੈ ਜਿਵੇਂ ਕਿ :

ਧੀਆਂ ਤਾਂ ਰੱਬ ਦਾ ਰੂਪ ਹੁੰਦੀਆਂ,
ਇਹ ਭੁੱਲ ਕਿਉਂ ਜਾਵਣ ਲੋਕੀ,
ਧੀ ਜੰਮੀ ਹਾਏ ਪੱਥਰ ਜੰਮਿਆ
ਹਾਲ ਦੋਹਾਈ ਪਾਵਣ ਲੋਕੀ।
ਪੂਜ ਕੇ ਕੰਜਕਾਂ ਭਲਾ ਕੀ ਮੰਗਦੇ,
ਪੁੱਤਰਾਂ ਨੂੰ ਹੀ ਚਾਹਵਣ ਲੋਕੀ।

ਜੇ ਔਰਤਾਂ ਪ੍ਰਤੀ ਔਰਤਾਂ ਦੀ ਭੂਮਿਕਾ ਦੀ ਗੱਲ ਕਰੀਏ ਤਾਂ ਬਹੁਤ ਥਾਂਈ ਔਰਤ ਹੀ ਔਰਤ ਦੀ ਦੁਸ਼ਮਣ ਵੇਖੀ ਜਾਂਦੀ ਹੈ ਜਿਵੇਂ ਕਿ ਗਰਭਪਾਤ/ਭਰੂਣ ਹੱਤਿਆ ਦੇ ਕੰਮ ਵਿੱਚ ਜ਼ਿਆਦਾਤਰ ਸੱਸਾਂ ਹੀ ਅੱਗੇ ਹੁੰਦੀਆਂ ਹਨ ਜੋ ਨੂੰਹਾਂ ਨੂੰ ਦਾਜ ਨਾ ਲਿਆਉਣ ਅਤੇ ਪੁੱਤਰ ਨਾ ਜੰਮਣ ਦੇ ਮਿਹਣੇ ਮਾਰ ਕੇ ਤੰਗ ਕਰਦੀਆਂ ਹਨ ਜੋ ਨਹੀਂ ਹੋਣਾ ਚਾਹੀਦਾ। ਚਾਹੀਦਾ ਤਾਂ ਇਹ ਵੀ ਹੈ ਕਿ ਔਰਤਾਂ ਦੇ ਬਲਾਤਕਾਰੀਆਂ ਤੇ ਹਤਿਆਰਿਆਂ ਦੇ ਕੇਸ ਔਰਤ ਵਕੀਲ ਨਾ ਲੜਨ। ਵੈਸੇ ਤਾਂ ਹੁਣ ਪੰਜਾਬ ਵਿੱਚ 14 ਹਜ਼ਾਰ ਤੋਂ ਵੱਧ ਮਹਿਲਾ ਕਾਰੋਬਾਰੀ ਉਧਮੀ ਹਨ ਜਿੰਨਾਂ ਨੂੰ ਮਹਿਲਾ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਸਨਮਾਨ ਦਿੱਤਾ ਜਾ ਰਿਹਾ ਹੈ ਜੋ ਇੱਕ ਚੰਗੀ ਗੱਲ ਹੈ ਅਤੇ ਇਹ ਔਰਤਾਂ ਨੂੰ ਕਾਰੋਬਾਰੀ ਕਿਤੇ ਲਈ ਪ੍ਰੇਰਿਤ ਕਰੇਗੀ।

ਉਪਰੋਕਤ ਸਭ ਦੇ ਬਾਵਜੂਦ ਇੱਥੇ ਇਹ ਵੀ ਬਹੁਤ ਜ਼ਰੂਰੀ ਵਿਚਾਰਣਯੋਗ ਹੈ ਕਿ ਆਪਣੇ ਅਧਿਕਾਰਾਂ ਦੇ ਨਾਲ ਨਾਲ ਔਰਤਾਂ ਆਪਣੇ ਫਰਜ਼ਾਂ ਦੀ ਵੀ ਇਮਾਨਦਾਰੀ ਨਾਲ ਪਾਲਣਾ ਕਰਨ ਅਤੇ ਉਨ੍ਹਾਂ ਨੂੰ ਸਰਕਾਰਾਂ ਵੱਲੋਂ ਮਿਲੇ ਕਾਨੂੰਨੀ ਅਧਿਕਾਰਾਂ ਦੀ ਗਲਤ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਕਈ ਵਾਰ ਪਰਿਵਾਰਕ ਰਿਸ਼ਤਿਆਂ ਦੌਰਾਨ ਵੇਖਣ ਵਿੱਚ ਆਉਂਦਾ ਹੈ ਕਿ ਸਾਰੇ ਹੀ ਪਤੀ ਅਤੇ ਸਾਰੇ ਹੀ ਸੱਸ ਸਹੁਰੇ ਭੈੜੇ ਨਹੀਂ ਹੁੰਦੇ ਸਗੋਂ ਕਈ ਵਾਰ ਨਵੀਆਂ ਆਈਆਂ ਨੂੰਹਾਂ ਜੋ ਚੰਗੇ ਸੰਸਕਾਰਾਂ ਦੀਆਂ ਧਾਰਨੀ ਨਹੀਂ ਹੁੰਦੀਆਂ ਉਹ ਆਪਣੇ ਸਹੁਰੇ ਪਰਿਵਾਰ ਵਿੱਚ ਆਪਣੀ ਭਲੀ ਮਾਣਸ ਸੱਸ ਸਹੁਰੇ ਜਾਂ ਸੁਲਝੇ ਹੋਏ ਪਤੀ ਉਪਰ ਹੀ ਨਜਾਇਜ਼ ਇਲਜਾਮ ਲਗਾ ਕੇ ਸਾਡੇ ਪਰਿਵਾਰਿਕ ਰਿਸ਼ਤਿਆਂ ਨੂੰ ਗੰਧਲਾ ਕਰਨ ਦਾ ਮੁੱਖ ਕਾਰਨ ਬਣਦੀਆਂ ਹਨ। ਇੰਨ੍ਹਾਂ ਇਲਜਾਮਾਂ ਵਿੱਚ ਦਾਜ ਦਹੇਜ਼ ਦਾ ਇਲਜਾਮ ਮੁੱਖ ਪਾਇਆ ਗਿਆ ਹੈ ਜੋ ਝਗੜਾ ਅਦਾਲਤੀ ਅਤੇ ਸਮਾਜ ਦੇ ਬੁੱਧੀ ਜੀਵੀ ਲੋਕਾਂ ਵੱਲੋਂ ਕੀਤੀ ਪੜਚੋਲ ਉਪਰੰਤ ਕਸੂਰ ਕਈ ਵਾਰ ਨੂੰਹ ਵਿੱਚ ਨਿਕਲਦਾ ਦੇਖਿਆ ਗਿਆ ਹੈ। ਇਸ ਦੇ ਨਾਲ ਹੀ ਨੌਜਵਾਨ ਲੜਕੀਆਂ ਨੂੰ ਪੱਛਮੀ ਸਭਿਅਤਾ ਦੇ ਗਲਤ ਪ੍ਰਭਾਵ ਵਿੱਚ ਨਾ ਆ ਕੇ ਨੰਗੇਜਵਾਜ ਵਾਲੇ ਕੱਪੜਿਆਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਇਵੇਂ ਹੀ ਅੱਜ ਜੋ ਇਸੇ ਹੀ ਪੱਛਮੀ ਰੰਗ ਵਿੱਚ ਰੰਗੀਆਂ ਔਰਤਾਂ " ਲਿਵ-ਇੰਨ ਰਿਲੇਸ਼ਨ "ਵਾਲੇ ਰਸਤੇ ਤੋਂ ਵੀ ਪ੍ਰਹੇਜ਼ ਕਰਨਾ ਚਾਹੀਦਾ ਜੋ ਸਾਡੀ ਨਾਰੀ ਅਤੇ ਸਮਾਜਿਕ ਸਭਿਅਤਾ ਦੇ ਉਲਟ ਹੈ ਅਤੇ ਜਿਸ ਨੂੰ ਪੰਜਾਬ ਹਾਈਕੋਰਟ ਨੇ ਵੀ ਸੁੱਰਖਿਆ ਦੇਣ ਤੋਂ ਨਾ ਕਰ ਦਿੱਤੀ ਹੈ।

ਹੁਣ ਜੇ ਆਪਾਂ ਮੀਡੀਆ ਦੀ ਗੱਲ ਕਰੀਏ ਤਾਂ ਸਾਡੇ ਕਈ ਟੀ.ਵੀ. ਚੈਨਲ ਵੀ ਔਰਤਾਂ ਅਤੇ ਨੌਜਵਾਨ ਲੜਕੇ ਲੜਕੀਆਂ ਪ੍ਰਤੀ ਉਸਾਰੂ ਭੂਮਿਕਾ ਆਪਣੀ ਪੇਸ਼ਕਾਰੀ ਰਾਹੀਂ ਨਹੀਂ ਨਿਭਾ ਰਹੇ। ਇਵੇਂ ਹੀ ਸਾਡੇ ਕਈ ਗੀਤਕਾਰਾਂ ਅਤੇ ਗਾਇਕਾਂ ਦਾ ਵੀ ਇਹ ਮੁੱਢਲਾ ਫਰਜ ਬਣਦਾ ਹੈ ਕਿ ਉਹ ਇਹੋ ਜਿਹੀ ਅਸ਼ਲੀਲਤਾ ਜੋ ਜ਼ਿਆਦਾਤਰ ਜਵਾਨ ਲੜਕੀਆਂ ਦੇ ਸਰੀਰਾਂ ਦੁਆਲੇ ਹੀ ਘੁੰਮਦੀ ਹੁੰਦੀ ਹੈ ਉਸ ਵਿੱਚ ਸੁਧਾਰ ਕੀਤਾ ਜਾਵੇ। ਅੱਜ ਉਨ੍ਹਾਂ ਨੌਜਵਾਨ ਲੜਕੀਆਂ ਦੀ ਪ੍ਰਸ਼ੰਸਾ ਕਰਨੀ ਵੀ ਬਣਦੀ ਹੈ ਜੋ ਧਾਰਮਿਕ ਜੱਥੇ ਦੇ ਰੂਪ ਵਿੱਚ ਸਿੱਖ ਇਤਿਹਾਸ ਦੀਆਂ ਜਾਂ ਹੋਰ ਸ਼ਹੀਦੀ ਵਾਰਾਂ ਸੁਣਾ ਕੇ ਸਾਡੇ ਚੰਗੇ ਸਭਿਆਚਾਰਕ ਅਤੇ ਔਰਤ ਦੇ ਚੰਗੇ ਕਾਰਨਾਮਿਆਂ ਦੀ ਮਿਸਾਲ ਪੈਦਾ ਕਰਦੀਆਂ ਹਨ ਪ੍ਰੰਤੂ ਇਸ ਦੇ ਨਾਲ ਹੀ ਸਾਡੀਆਂ ਉਨ੍ਹਾਂ ਔਰਤ ਗੀਤਕਾਰਾਂ ਅਤੇ ਗਾਇਕਾਂ ਦੀ ਇਸ ਘਟੀਆ ਭੂਮਿਕਾ ਤੇ ਅਫਸੋਸ ਵੀ ਆਉਂਦਾ ਹੈ ਜੋ ਹੇਠ ਲਿਖੇ ਗੀਤ : " ਸਹੇਲੀਆਂ ਵੀ ਰਹਿੰਦੀਆਂ ਨੇ ਡਰ ਡਰ ਕੇ ਕਿ ਜੱਟੀ ਵੈਲੀ ਨਾਲ ਮੰਗੀ ਹੋਈ ਆ " , ਨਾਰੀ ਜਾਤੀ ਦੇ ਆਚਰਣ ਨੂੰ ਕਲੰਕਿਤ ਕਰਦੀਆਂ ਹਨ। ਸੋ ਉਪਰੋਕਤ ਸਭਨਾਂ ਹੀ ਹਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਜ ਇਸ ਗੱਲ ਦੀ ਸਖਤ ਲੋੜ ਹੈ ਕਿ ਜਿੱਥੇ ਸਾਡਾ ਮਰਦ ਸਮਾਜ ਔਰਤਾਂ ਪ੍ਰਤੀ ਹਮਦਰਦੀ ਵਾਲਾ ਵਤੀਰਾ ਰੱਖੇ ਉਸ ਦੇ ਨਾਲ ਹੀ ਸਾਡੀਆਂ ਬੀਬੀਆਂ ਵੀ ਪਰਿਵਾਰਕ ਅਕੀਦਿਆਂ ਪ੍ਰਤੀ ਸੁਚੇਤ ਰਹਿਣ ਅਤੇ ਹੇਠ ਲਿਖੀਆਂ ਪ੍ਰੇਰਣਾ ਭਰੀਆਂ ਸਤਰਾਂ ਵੀ ਯਾਦ ਰੱਖਣ :

' ਨਾ ਮੈਂ ਮੋਮ ਦੀ ਗੁਡੀਆ, ਨਾ ਕੋਈ ਵਸਤੂ, ਨਾ ਹੀ ਪੁਕਾਰ ਹਾਂ,
ਸਗੋਂ ਮੈਂ ਤਾਂ ਬਨੇਰਿਆਂ ਉੱਤੇ ਜਗ ਰਹੀ ਹਨੇਰਿਆਂ ਲਈ ਵੰਗਾਰ ਹਾਂ '।

## ਮਾਈ ਭਾਗੋ, ਜਿਨ੍ਹਾਂ ਨੇ ਦਸਵੇਂ ਗੁਰੂ ਨੂੰ ਬੇਦਾਵਾ ਦੇ ਕੇ ਆਏ 40 ਸਿੱਖਾਂ ਨੂੰ ਮੁੜ ਜੰਗ ਲਈ ਪ੍ਰੇਰਿਆ

ਸਿੱਖ ਇਤਿਹਾਸ ਵਿੱਚ ਸਿੱਖ ਬੀਬੀਆਂ ਦਾ ਵਿਸ਼ੇਸ਼ ਯੋਗਦਾਨ ਦਿਖਾਈ ਦਿੰਦਾ ਹੈ।

ਅਜਿਹੇ ਹੀ ਇੱਕ ਇਤਿਹਾਸਕ ਪਾਤਰ ਹਨ ਮਾਤਾ ਭਾਗ ਕੌਰ, ਜਿਨ੍ਹਾਂ ਨੇ ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਹੈ।

ਜਨਮ ਵੇਲੇ ਮਾਈ ਭਾਗੋ ਦਾ ਨਾਮ ਭਾਗਭਰੀ ਰੱਖਿਆ ਗਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਦੀ ਵਿਸਾਖੀ ਨੂੰ ਖਾਲਸਾ ਸਾਜਿਆ ਤਾਂ ਇਨ੍ਹਾਂ ਦੇ ਪਰਿਵਾਰ ਦੇ ਕਈ ਮੈਂਬਰ ਵੀ ਅੰਮ੍ਰਿਤ ਛਕ ਕੇ ਆਏ ਸਨ।

ਗੁਰੂ ਕੀਆਂ ਸਾਖੀਆਂ ਮੁਤਾਬਕ ਮਾਈ ਭਾਗੋ ਮੁਕਤਸਰ ਸਾਹਿਬ ਦੀ ਜੰਗ ਵਿੱਚ ਜ਼ਖ਼ਮੀ ਹੋਏ ਸਨ। ਜੰਗ ਤੋਂ ਬਾਅਦ ਉਹ ਗੁਰੂ ਸਾਹਿਬ ਦੇ ਸਿੱਖਾਂ ਵਿੱਚ ਸ਼ਾਮਲ ਹੋ ਗਏ ਸਨ ਅਤੇ ਅਜੋਕੇ ਮਹਾਰਾਸ਼ਟਰ ਵਿਚਲੇ ਨਾਂਦੇੜ ਆ ਗਏ ਸਨ।

ਇਹ ਇਤਿਫਾਕ ਹੀ ਹੈ ਕਿ 'ਖਿਦਰਾਣੇ ਦੀ ਢਾਬ' ਮੌਜੂਦਾ ਮੁਕਤਸਰ ਸਾਹਿਬ, ਪੰਜਾਬ ਦਾ ਉਹ ਇਲਾਕਾ ਹੈ, ਜਿੱਥੇ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਆਪਣੇ ਜੀਵਨ ਦੇ ਸੰਘਰਸ਼ ਦੀ ਆਖ਼ਰੀ ਲੜਾਈ ਲੜੀ ਸੀ।



ਉਹ ਗੁਰੂ ਸਾਹਿਬ ਦੇ ਨਿਵਾਸ ਦੇ ਬਾਹਰ ਪਹਿਰਾ ਦਿੰਦੇ ਸਨ। ਕੁਝ ਸਮੇਂ ਮਗਰੋਂ ਮਾਈ ਭਾਗ ਕੌਰ ਜੀ ਨਾਂਦੇੜ ਛੱਡ ਕੇ 'ਬਿਦਰ' ਸ਼ਹਿਰ ਜਿਥੇ ਗੁਰੂ ਨਾਨਕ ਸਾਹਿਬ ਜੀ ਗਏ ਸਨ, ਉਥੇ ਰਹਿਣ ਲੱਗੇ।

ਜਨਵਾੜਿਆਂ ਦੀ ਇੱਕ ਛੋਟੀ ਜਿਹੀ ਗੜ੍ਹੀ ਵਿੱਚ ਉਹ ਉਥੇ ਮਾਤਾ ਜੀ ਦੇ ਨੇਜਾ ਤੇ ਕੁਝ ਹੋਰ ਹਥਿਆਰ ਪਏ ਹੋਏ ਹਨ।

ਇਸ ਥਾਂ ਉੱਤੇ ਹੁਣ ਗੁਰਦੁਆਰਾ ਸਾਹਿਬ ਸਥਿਤ ਹੈ।

## ਮਹਾਰਾਣੀ ਜਿੰਦਾਂ: 'ਸਰਕਾਰ' ਤੋਂ ਬਾਅਦ ਪੰਜਾਬ ਲਈ 'ਸ਼ੇਰਨੀ' ਵਾਂਗ ਲੜੀ

ਜਿੰਦਾਂ, ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਤੇ ਆਖ਼ਰੀ ਰਾਣੀ ਸਨ। ਭਾਵੇਂ ਰਣਜੀਤ ਸਿੰਘ ਦੀਆਂ ਹੋਰ ਕਈ ਰਾਣੀਆਂ ਸਨ ਪਰ ਮਹਾਰਾਣੀ ਦਾ ਖ਼ਿਤਾਬ ਜਿੰਦਾਂ ਨੂੰ ਮਿਲਿਆ ਹੋਇਆ ਸੀ।

ਉਨ੍ਹਾਂ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਦੇ ਸਿੱਖ ਰਾਜ ਨੂੰ ਹਥਿਆਉਣ ਅਤੇ ਪੰਜਾਬ ਨੂੰ ਆਪਣੇ ਅਧੀਨ ਕਰਨ ਦੀਆਂ ਕੋਸ਼ਿਸ਼ਾਂ ਦਾ ਡਟ ਕੇ ਵਿਰੋਧ ਕੀਤਾ ਸੀ।

ਪੰਜਾਬ ਵਿੱਚ ਸੁਤੰਤਰਤਾ ਸੰਗਰਾਮ ਦੀਆਂ ਪ੍ਰਮੁੱਖ ਧਾਰਾਵਾਂ ਕਿਤਾਬ ਵਿੱਚ ਪ੍ਰਿਥੀਪਾਲ ਸਿੰਘ ਕਪੂਰ ਲਿਖਦੇ ਹਨ ਕਿ ਜਿੰਦ ਕੌਰ ਦੀ ਵਿਲੱਖਣ ਸੁੰਦਰਤਾ ਅਤੇ ਸਤਿਵਾਦੀ ਸੁਭਾਅ ਕਰਕੇ ਰਣਜੀਤ ਸਿੰਘ ਨੇ ਉਨ੍ਹਾਂ ਨਾਲ ਵਿਆਹ ਕਰਵਾਇਆ ਸੀ।

ਜਲਾਵਤਨੀ ਦੌਰਾਨ ਵੀ ਮਹਾਰਾਣੀ ਜਿੰਦਾਂ ਲਗਾਤਾਰ ਚਿੱਠੀਆਂ ਲਿਖ ਕੇ ਆਪਣੇ ਉੱਤੇ ਥੋਪੇ ਜਾ ਰਹੇ ਹਾਲਾਤ ਬਾਰੇ ਖਾਲਸਾ ਦਰਬਾਰ ਦੇ ਸਮਰਥਕਾਂ ਅਤੇ ਹਮਦਰਦਾਂ ਨੂੰ ਜਾਣੂ ਕਰਵਾਉਂਦੇ ਰਹੇ।

ਇਸ ਦਾ ਲੋਕਾਂ ਉੱਤੇ ਗਹਿਰਾ ਅਸਰ ਹੁੰਦਾ ਸੀ ਅਤੇ ਇਸੇ ਕਾਰਨ ਅੰਗਰੇਜ਼ਾਂ ਨੇ ਮਹਾਰਾਣੀ ਨੂੰ ਲਾਹੌਰ ਤੋਂ ਬਾਹਰ ਭੇਜ ਦਿੱਤਾ।

ਮਾਂ ਦੀ ਪ੍ਰੇਰਣਾ ਸਦਕਾ ਹੀ ਦਲੀਪ ਸਿੰਘ ਉਨ੍ਹਾਂ ਦੀ ਮ੍ਰਿਤਕ ਦੇਹ ਲੈ ਕੇ ਭਾਰਤ ਆਏ ਪਰ ਉਨ੍ਹਾਂ ਨੂੰ ਹਕੂਮਤ ਨੇ ਪੰਜਾਬ ਨਾ ਆਉਣ ਦਿੱਤਾ। ਇਸ ਲਈ ਉਨ੍ਹਾਂ ਦਾ ਅੰਤਿਮ ਸੰਸਕਾਰ ਨਾਸਿਕ ਵਿੱਚ ਗੋਦਾਵਰੀ ਕੰਢੇ ਕਰ ਦਿੱਤਾ ਗਿਆ ਅਤੇ ਇੱਕ ਛੋਟੀ ਜਿਹੀ ਸਮਾਧੀ ਉਸਾਰ ਦਿੱਤੀ ਗਈ।

ਬਾਅਦ ਵਿੱਚ ਦਲੀਪ ਸਿੰਘ ਦੀ ਧੀ ਸ਼ਹਿਜ਼ਾਦੀ ਬੰਬਾ ਨੇ ਆਪਣੀ ਦਾਦੀ ਦੀਆਂ ਅਸਥੀਆਂ ਉੱਥੋਂ ਕੱਢ ਕੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਵਿੱਚ ਰੱਖਣ ਲਈ ਲਾਹੌਰ ਲਿਆਂਦੀਆਂ।

ਬੇਸ਼ੱਕ ਜਿੰਦਾਂ ਦੀ ਸਮਾਧੀ ਪਹਿਲਾਂ ਮੁੰਬਈ ਅਤੇ ਫਿਰ ਲਾਹੌਰ ਵਿੱਚ ਬਣੀ ਪਰ ਮਹਾਰਾਣੀ ਪੰਜਾਬ ਦੇ ਇਤਿਹਾਸ ਦੀ ਅਹਿਮ ਕਿਰਦਾਰ ਹੈ ਜਿਸ ਨੂੰ ਪੰਜਾਬੀ ਬਤੌਰ ਨਾਇਕਾ ਹਮੇਸ਼ਾ ਯਾਦ ਕਰਦੇ ਹਨ।

ਮਹਾਰਾਣੀ ਜਿੰਦਾ ਦੇ ਜੀਵਨ ਜਿੰਨੇ ਹੀ ਲੰਬੇ ਸੰਘਰਸ਼ ਬਾਰੇ ਇੱਥੇ ਕਲਿੱਕ ਕਰਕੇ ਪੜ੍ਹੋ।

ਪੰਜਾਬ ਉੱਪਰ ਕਬਜ਼ਾ ਕਰਨ ਤੋਂ ਬਾਅਦ ਅੰਗਰੇਜ਼ ਸਿੱਖ ਰਾਜ ਦੇ ਵਾਰਿਸ ਦਲੀਪ ਸਿੰਘ ਨੂੰ ਇੰਗਲੈਂਡ ਲੈ ਗਏ ਸਨ।



# ਤਰਨਜੀਤ ਸਿੰਘ ਸੰਧੂ ਦਾ ਡਿਪਲੋਮੈਟ ਤੋਂ ਰਾਜਨੀਤੀ ਤੱਕ ਦਾ ਸਫ਼ਰ



**ਪੰਜਾਬ** ਨਾਲ ਸੰਬੰਧਤ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਪਛਾਣ ਮਜ਼ਬੂਤ ਕਰਨ ਵਾਲੀਆਂ ਸ਼ਖ਼ਸੀਅਤਾਂ ਵਿੱਚ ਤਰਨਜੀਤ ਸਿੰਘ ਸੰਧੂ ਦਾ ਨਾਮ ਕਾਫ਼ੀ ਅਹਿਮ ਮੰਨਿਆ ਜਾਂਦਾ ਹੈ। ਇਨ੍ਹਾਂ ਨੂੰ ਪਿਛਲੇ ਦਿਨੀ ਦਿੱਲੀ ਦੇ ਲੈਫਟੀਨੈਂਟ ਗਵਰਨਰ ਲਗਾਇਆ ਗਿਆ ਹੈ। ਲੰਬੇ ਸਮੇਂ ਤੱਕ ਭਾਰਤੀ ਵਿਦੇਸ਼ ਸੇਵਾ ਵਿੱਚ ਰਹਿੰਦੇ ਹੋਏ ਤਰਨਜੀਤ ਸਿੰਘ ਸੰਧੂ ਨੇ ਕਈ ਮਹੱਤਵਪੂਰਨ ਦੇਸ਼ਾਂ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਅਤੇ ਖਾਸ ਕਰਕੇ ਅਮਰੀਕਾ ਨਾਲ ਭਾਰਤ ਦੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ। ਇੱਕ ਤਜਰਬੇਕਾਰ ਡਿਪਲੋਮੈਟ ਤੋਂ ਰਾਜਨੀਤਕ ਹਸਤੀ ਤੱਕ ਦਾ ਉਨ੍ਹਾਂ ਦਾ ਸਫ਼ਰ ਕਾਫ਼ੀ ਦਿਲਚਸਪ ਅਤੇ ਮਹੱਤਵਪੂਰਨ ਮੰਨਿਆ ਜਾਂਦਾ ਹੈ। ਤਰਨਜੀਤ ਸਿੰਘ ਸੰਧੂ ਦਾ ਜਨਮ 23 ਜਨਵਰੀ 1963 ਨੂੰ ਇੱਕ ਪ੍ਰਸਿੱਧ ਸਿੱਖ ਪਰਿਵਾਰ ਵਿੱਚ ਹੋਇਆ। ਉਹ ਗੁਰਦੁਆਰਾ ਸੁਧਾਰ ਲਹਿਰ ਦੇ ਪ੍ਰਸਿੱਧ ਆਗੂ ਅਤੇ ਆਜ਼ਾਦੀ ਘੁਲਾਟੀਏ ਤੇਜ਼ਾ ਸਿੰਘ ਸਮੁੰਦਰੀ ਦੇ ਪੋਤਰੇ ਹਨ, ਜਿਸ ਕਾਰਨ ਉਨ੍ਹਾਂ ਦੇ ਪਰਿਵਾਰ ਦਾ ਪੰਜਾਬ ਦੇ ਧਾਰਮਿਕ ਅਤੇ ਸਮਾਜਿਕ ਇਤਿਹਾਸ ਵਿੱਚ ਖਾਸ ਸਥਾਨ ਹੈ। ਸੰਧੂ ਨੇ ਆਪਣੀ ਸਕੂਲੀ ਪੜ੍ਹਾਈ The Lawrence School Sanawar ਤੋਂ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਦਿੱਲੀ ਦੇ ਪ੍ਰਸਿੱਧ St. Stephen's College ਤੋਂ ਇਤਿਹਾਸ ਵਿੱਚ ਡਿਗਰੀ ਹਾਸਲ ਕੀਤੀ ਅਤੇ ਫਿਰ Jawaharlal Nehru University ਤੋਂ ਅੰਤਰਰਾਸ਼ਟਰੀ ਸੰਬੰਧਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕੀਤੀ। ਇਸ ਸਿੱਖਿਆ ਨੇ ਹੀ ਉਨ੍ਹਾਂ ਨੂੰ ਵਿਸ਼ਵ ਰਾਜਨੀਤੀ ਅਤੇ ਕੂਟਨੀਤੀ ਨੂੰ ਗਹਿਰਾਈ ਨਾਲ ਸਮਝਣ ਦਾ ਮੌਕਾ ਦਿੰਦੀ ਹੈ। ਸਾਲ 1988 ਵਿੱਚ ਉਹ ਭਾਰਤੀ ਵਿਦੇਸ਼ ਸੇਵਾ (IFS )ਵਿੱਚ ਸ਼ਾਮਲ ਹੋਏ ਅਤੇ ਤਕਰੀਬਨ ਤਿੰਨ ਦਹਾਕਿਆਂ ਤੱਕ ਉਨ੍ਹਾਂ ਨੇ ਵੱਖ-ਵੱਖ ਦੇਸ਼ਾਂ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਆਪਣੇ ਕਰੀਅਰ ਦੌਰਾਨ ਉਨ੍ਹਾਂ ਨੇ ਵਾਸ਼ਿੰਗਟਨ, ਨਿਊਯਾਰਕ, ਜਰਮਨੀ ਅਤੇ ਸ੍ਰੀਲੰਕਾ ਵਿੱਚ ਮਹੱਤਵਪੂਰਨ ਅਹੁਦਿਆਂ 'ਤੇ ਕੂਟਨੀਤਿਕ ਜ਼ਿੰਮੇਵਾਰੀਆਂ ਨਿਭਾਈਆਂ। ਉਨ੍ਹਾਂ ਦੀ ਕਾਰਗੁਜ਼ਾਰੀ ਅਤੇ ਤਜਰਬੇ ਦੇ ਕਾਰਨ ਹੀ ਉਨ੍ਹਾਂ ਨੂੰ 2020 ਵਿੱਚ ਅਮਰੀਕਾ ਵਿੱਚ ਭਾਰਤ ਦਾ ਰਾਜਦੂਤ ਨਿਯੁਕਤ ਕੀਤਾ ਗਿਆ, ਜਿੱਥੇ ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਰੱਖਿਆ, ਤਕਨਾਲੋਜੀ ਅਤੇ ਵਪਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਅਮਰੀਕਾ ਵਿੱਚ ਰਾਜਦੂਤ ਦੇ ਤੌਰ 'ਤੇ ਕੰਮ ਕਰਦੇ ਸਮੇਂ ਉਨ੍ਹਾਂ ਨੇ ਭਾਰਤ ਅਤੇ ਅਮਰੀਕਾ ਦੇ ਰਣਨੀਤਿਕ ਰਿਸ਼ਤਿਆਂ ਨੂੰ ਨਵੀ ਦਿਸ਼ਾ ਦਿੱਤੀ। ਉਸ ਸਮੇਂ ਦੋਵਾਂ ਦੇਸ਼ਾਂ ਵਿਚਕਾਰ ਸੁਰੱਖਿਆ, ਤਕਨਾਲੋਜੀ ਅਤੇ ਆਰਥਿਕ ਸਹਿਯੋਗ ਦੇ ਖੇਤਰ ਵਿੱਚ ਕਈ ਅਹਿਮ ਸਮਝੌਤੇ ਹੋਏ, ਜਿਨ੍ਹਾਂ ਨਾਲ ਭਾਰਤ ਦੀ ਅੰਤਰਰਾਸ਼ਟਰੀ ਪਹੁੰਚ ਹੋਰ ਮਜ਼ਬੂਤ ਹੋਈ। ਲੰਬੇ ਸਮੇਂ ਤੱਕ ਕੂਟਨੀਤਿਕ ਸੇਵਾ ਦੇਣ ਤੋਂ ਬਾਅਦ ਤਰਨਜੀਤ ਸਿੰਘ ਸੰਧੂ ਨੇ ਸਰਗਰਮ ਰਾਜਨੀਤੀ ਵਿੱਚ ਵੀ ਕਦਮ ਰੱਖਿਆ ਅਤੇ ਉਹ ਭਾਜਪਾ ਨਾਲ ਜੁੜ ਗਏ। ਉਨ੍ਹਾਂ ਨੂੰ ਖਾਸ ਤੌਰ 'ਤੇ ਪੰਜਾਬ ਦੇ ਅੰਮ੍ਰਿਤਸਰ ਖੇਤਰ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਅਤੇ ਕਈ ਵਾਰ ਉਨ੍ਹਾਂ ਦਾ ਨਾਮ ਪੰਜਾਬ ਦੀ ਰਾਜਨੀਤੀ ਵਿੱਚ ਵੀ ਚਰਚਾ ਦਾ ਵਿਸ਼ਾ ਬਣਦਾ ਰਿਹਾ ਹੈ। ਰਾਜਨੀਤੀ ਵਿੱਚ ਆਉਣ ਤੋਂ ਬਾਅਦ ਉਹ ਪੰਜਾਬ ਵਿੱਚ ਨਿਵੇਸ਼ ਲਿਆਉਣ, ਵਿਦੇਸ਼ੀ ਸੰਬੰਧਾਂ ਨੂੰ ਵਿਕਾਸ ਲਈ ਵਰਤਣ ਅਤੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਨ ਦੀ ਗੱਲ ਕਰਦੇ ਰਹੇ ਹਨ। ਤਰਨਜੀਤ ਸਿੰਘ ਸੰਧੂ ਦੀ ਨਿੱਜੀ ਜ਼ਿੰਦਗੀ ਵੀ ਕਾਫ਼ੀ ਦਿਲਚਸਪ ਹੈ। ਉਨ੍ਹਾਂ ਦੀ ਪਤਨੀ ਰਿਨਤ ਸੰਧੂ ਵੀ ਭਾਰਤੀ ਵਿਦੇਸ਼ ਸੇਵਾ ਦੀ ਸੀਨੀਅਰ ਅਧਿਕਾਰੀ ਰਹੀ ਹੈ ਅਤੇ ਕਈ ਯੂਰਪੀ ਦੇਸ਼ਾਂ ਵਿੱਚ ਭਾਰਤ ਦੀ ਰਾਜਦੂਤ ਵਜੋਂ ਕੰਮ ਕਰ ਚੁੱਕੀ ਹੈ। ਇਸ ਤਰ੍ਹਾਂ ਇਹ ਜੋੜਾ ਭਾਰਤ ਦੀ ਕੂਟਨੀਤੀ ਵਿੱਚ ਇੱਕ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਜੋੜੇ ਵਜੋਂ ਵੀ ਜਾਣਿਆ ਜਾਂਦਾ ਹੈ। ਅੱਜ ਤਰਨਜੀਤ ਸਿੰਘ ਸੰਧੂ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਦੇਖਿਆ ਜਾਂਦਾ ਹੈ ਜਿਸ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਭਾਰਤ ਦੀ ਅੰਤਰਰਾਸ਼ਟਰੀ ਪਛਾਣ ਨੂੰ ਮਜ਼ਬੂਤ ਕਰਨ ਲਈ ਸਮਰਪਿਤ ਕੀਤਾ ਹੈ। ਕੂਟਨੀਤੀ, ਪ੍ਰਸ਼ਾਸਨ ਅਤੇ ਰਾਜਨੀਤੀ ਦੇ ਤਜਰਬੇ ਦਾ ਮਿਲਾਪ ਉਨ੍ਹਾਂ ਨੂੰ ਇੱਕ ਵਿਲੱਖਣ ਹਸਤੀ ਬਣਾਉਂਦਾ ਹੈ। ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਉਹ ਆਪਣੇ ਵਿਸ਼ਵ ਪੱਧਰੀ ਤਜਰਬੇ ਨੂੰ ਭਾਰਤ ਅਤੇ ਖਾਸ ਕਰਕੇ ਪੰਜਾਬ ਦੇ ਵਿਕਾਸ ਲਈ ਕਿਵੇਂ ਵਰਤਦੇ ਹਨ।



ਅੰਮ੍ਰਿਤਪਾਲ ਸਿੰਘ
ਡਾਇਰੈਕਟਰ ਚੜ੍ਹਦੀਕਲਾ ਟਾਈਮ ਟੀਵੀ ਦਿੱਲੀ



# ਇਸਤਰੀ-ਸ੍ਰਿਸ਼ਟੀ ਦੀ ਰਚਨਹਾਰ, ਪਰ ਸੰਘਰਸ਼ਮਈ ਵਜੂਦ



ਡਾ. ਰਵਨੀਤ ਕੌਰ
+91 9316161636

**ਪਰਮਾਤਮਾ** ਦੀ ਅਦਭੁਤ ਤੇ ਸੁੰਦਰ ਰਚਨਾ ਇਸਤਰੀ ਅਸੀਮ ਗੁਣਾਂ ਦੀ ਖਾਣ ਹੈ। ਉਹ ਮਮਤਾ ਦੀ ਠੰਢੀ ਛਾਂ ਹੈ, ਤਿਆਗ ਦੀ ਜੋਤ ਹੈ, ਹਿੰਮਤ ਦੀ ਮੂਰਤ ਹੈ ਅਤੇ ਪ੍ਰੇਰਣਾ ਦਾ ਸਰੋਤ ਹੈ। ਉਹ ਘਰ ਦੀ ਰੂਹ ਹੈ, ਸਮਾਜ ਦੀ ਨੀਹ ਹੈ ਅਤੇ ਸੰਸਾਰ ਦੀ ਸਿਰਜਣਹਾਰ ਹੈ। ਪਰ ਕੌੜਾ ਸੱਚ ਇਹ ਹੈ ਕਿ ਜਿਸ ਨੇ ਜੀਵਨ ਨੂੰ ਜਨਮ ਦਿੱਤਾ, ਉਸੇ ਨੂੰ ਸਦੀਆਂ ਤੱਕ ਆਪਣੇ ਅਸਤਿਤਵ ਲਈ ਸੰਘਰਸ਼ ਕਰਨਾ ਪਿਆ। ਉਸ ਦੀ ਯੋਗਤਾ ਨੂੰ ਕਈ ਵਾਰ ਪਰਖਿਆ ਗਿਆ, ਉਸ ਦੀ ਆਵਾਜ਼ ਨੂੰ ਦਬਾਇਆ ਗਿਆ, ਅਤੇ ਉਸ ਦੇ ਹੱਕਾਂ ਨੂੰ ਅਣਡਿੱਠਾ ਕੀਤਾ ਗਿਆ। ਫਿਰ ਵੀ ਉਹ ਟੁੱਟੀ ਨਹੀ ਹਰ ਵਾਰ ਨਵੀ ਤਾਕਤ ਨਾਲ ਉੱਠ ਖੜ੍ਹੀ ਹੋਈ। ਉਸ ਨੇ ਸੰਘਰਸ਼ ਨੂੰ ਆਪਣੀ ਕਮਜ਼ੋਰੀ ਨਹੀ, ਸਗੋ ਆਪਣੀ ਤਾਕਤ ਬਣਾਇਆ। ਇਸਤਰੀ ਅੱਜ ਵੀ ਆਪਣੀ ਪਹਿਚਾਣ, ਸਮਾਨਤਾ ਅਤੇ ਸਨਮਾਨ ਲਈ ਡੱਟੀ ਖੜ੍ਹੀ ਹੈ ਅਤੇ ਉਸ ਦੀ ਇਹ ਯਾਤਰਾ ਮਨੁੱਖਤਾ ਲਈ ਪ੍ਰੇਰਣਾ ਹੈ। ਵੀਹਵੀ ਸਦੀ ਦੇ ਸ਼ੁਰੂ ਤੋਂ ਹੀ ਦੁਨੀਆ ਦੇ ਕਈ ਦੇਸ਼ਾਂ ਵਿੱਚ ਮਹਿਲਾਵਾਂ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਨ ਲੱਗੀਆਂ। ਮਜ਼ਦੂਰੀ ਹੱਕਾਂ, ਵੋਟ ਦੇ ਅਧਿਕਾਰ ਅਤੇ ਸਮਾਨ ਮੌਕਿਆਂ ਲਈ ਚੱਲੇ ਅੰਦੋਲਨਾਂ ਨੇ 8 ਮਾਰਚ ਨੂੰ ਸੰਘਰਸ਼ ਅਤੇ ਜਾਗਰੂਕਤਾ ਦੇ ਪ੍ਰਤੀਕ ਵਜੋਂ ਪਛਾਣ ਦਿਵਾਈ। ਹੌਲੀ-ਹੌਲੀ ਇਹ ਦਿਨ ਵਿਸ਼ਵ ਪੱਧਰ 'ਤੇ ਮਹਿਲਾ ਅਧਿਕਾਰਾਂ ਦਾ ਪ੍ਰਤੀਕ ਬਣ ਗਿਆ। ਇਸ ਸੰਘਰਸ਼ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿੰਦਿਆਂ ਸੰਯੁਕਤ ਰਾਸ਼ਟਰ ਨੇ 1975 ਨੂੰ ਅਧਿਕਾਰਕ ਤੌਰ 'ਤੇ ਅੰਤਰਰਾਸ਼ਟਰੀ ਮਹਿਲਾ ਵਰ੍ਹਾ ਘੋਸ਼ਿਤ ਕੀਤਾ। ਇਸਦਾ ਮੂਲ ਉਦੇਸ਼ ਤਿੰਨ ਕੇਂਦਰੀ ਸਿਧਾਂਤਾਂ-ਸਮਾਨਤਾ, ਵਿਕਾਸ ਅਤੇ ਸ਼ਾਂਤੀ ਨੂੰ ਪ੍ਰਮੁੱਖਤਾ ਦੇਣਾ ਸੀ। 1975 ਇੱਕ ਮਹੱਤਵਪੂਰਨ ਮੋੜ ਸਾਬਤ ਹੋਇਆ। ਉਸ ਸਮੇਂ ਤੱਕ ਮਹਿਲਾ ਅਧਿਕਾਰ ਅੰਦੋਲਨ ਵਿਸ਼ਵ ਪੱਧਰ 'ਤੇ ਮਜ਼ਬੂਤ ਹੋ ਚੁੱਕੇ ਸਨ ਅਤੇ ਸਮਾਨ ਤਨਖ਼ਾਹ, ਸਿੱਖਿਆ, ਰਾਜਨੀਤਿਕ ਹੱਕ ਅਤੇ ਸਮਾਜਿਕ ਬਰਾਬਰੀ ਬਾਰੇ ਚਰਚਾ ਤੇਜ਼ ਹੋ ਰਹੀ ਸੀ। ਇਸ ਹੀ ਸਾਲ ਮੈਕਸੀਕੋ ਸਿਟੀ ਵਿੱਚ ਪਹਿਲੀ ਵਿਸ਼ਵ ਮਹਿਲਾ ਕਾਨਫਰੰਸ ਆਯੋਜਿਤ ਕੀਤੀ ਗਈ, ਜਿਸ ਵਿੱਚ 100 ਤੋਂ ਵੱਧ ਦੇਸ਼ਾਂ ਨੇ ਭਾਗ ਲਿਆ ਅਤੇ ਮਹਿਲਾਵਾਂ ਦੀ ਸਥਿਤੀ ਸੁਧਾਰਨ ਲਈ ਵਿਸ਼ਵ ਪੱਧਰੀ ਕਾਰਵਾਈ ਯੋਜਨਾ ਤਿਆਰ ਕੀਤੀ ਗਈ। ਨਾਲ ਹੀ 1976 ਤੋਂ 1985 ਤੱਕ ਦਾ ਸਮਾਂ ਸੰਯੁਕਤ ਰਾਸ਼ਟਰ ਮਹਿਲਾ ਦਹਾਕਾ ਘੋਸ਼ਿਤ ਕੀਤਾ ਗਿਆ, ਜਿਸਦਾ ਉਦੇਸ਼ ਮਹਿਲਾਵਾਂ ਦੇ ਵਿਕਾਸ ਲਈ ਵਾਸਤਵਿਕ ਅਤੇ ਢਾਂਚਾਗਤ ਬਦਲਾਅ ਲਿਆਉਣਾ ਸੀ। ਭਾਵੇਂ 8 ਮਾਰਚ ਪਹਿਲਾਂ ਹੀ ਕਈ ਦੇਸ਼ਾਂ ਵਿੱਚ ਮਨਾਇਆ ਜਾਂਦਾ ਸੀ, ਪਰ 1975 ਵਿੱਚ ਇਸ ਨੂੰ ਪਹਿਲੀ ਵਾਰ ਸੰਯੁਕਤ ਰਾਸ਼ਟਰ ਵੱਲੋਂ ਅਧਿਕਾਰਕ ਤੌਰ 'ਤੇ ਮਨਾਇਆ ਗਿਆ। ਅਗਲੇ ਕਦਮ ਵਜੋਂ 1977 ਵਿੱਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਮੈਂਬਰ ਦੇਸ਼ਾਂ ਨੂੰ ਸਿਫਾਰਸ਼ ਕੀਤੀ ਕਿ ਉਹ ਆਪਣੇ ਇਤਿਹਾਸ ਅਤੇ ਰਿਵਾਜ਼ਾਂ ਅਨੁਸਾਰ ਮਹਿਲਾਵਾਂ ਦੇ ਅਧਿਕਾਰਾਂ ਅਤੇ ਅੰਤਰਰਾਸ਼ਟਰੀ ਸ਼ਾਂਤੀ ਲਈ ਇੱਕ ਵਿਸ਼ੇਸ਼ ਦਿਨ ਨਿਰਧਾਰਤ ਕਰਨ। ਬਹੁਤ ਸਾਰੇ ਦੇਸ਼ਾਂ ਨੇ 8 ਮਾਰਚ ਨੂੰ ਹੀ ਅਪਣਾਇਆ, ਜੋ ਅੱਜ ਅੰਤਰਰਾਸ਼ਟਰੀ ਮਹਿਲਾ ਦਿਵਸ ਵਜੋਂ ਸੰਸਾਰ ਭਰ ਵਿੱਚ ਮਨਾਇਆ ਜਾਂਦਾ ਹੈ। ਇਸਤਰੀ- ਸਿਰਫ਼ ਇੱਕ ਸ਼ਬਦ ਨਹੀ, ਪੂਰੀ ਸ੍ਰਿਸ਼ਟੀ ਦੀ ਧੜਕਣ ਹੈ। ਉਹ ਮਮਤਾ ਦੀ ਮੂਰਤ ਹੈ, ਤਿਆਗ ਦੀ ਪ੍ਰਤੀਕ ਹੈ ਅਤੇ ਬੇਅੰਤ ਤਾਕਤ ਦਾ ਅਟੁੱਟ ਸਰੋਤ ਹੈ। ਇਸਤਰੀ ਦੀ ਜ਼ਿੰਦਗੀ ਸਿਰਫ਼ ਫ਼ਰਜ਼ਾਂ ਦੀ ਕਹਾਣੀ ਨਹੀ, ਸਹਿਣਸ਼ੀਲਤਾ ਅਤੇ ਹੌਸਲੇ ਦੀ ਜੀਵੰਤ ਮਿਸਾਲ ਹੈ। ਹਰ ਮਹੀਨੇ ਉਹ ਆਪਣੇ ਸਰੀਰ ਦੀ ਪੀੜਾ ਸਹਿੰਦੀ ਹੈ। ਮਹਾਵਾਰੀ ਦੇ ਉਹ ਦਿਨ, ਜਦੋਂ ਦਰਦ ਅਤੇ ਥਕਾਵਟ ਉਸਨੂੰ ਕਮਜ਼ੋਰ ਕਰ ਸਕਦੇ ਹਨ, ਫਿਰ ਵੀ ਉਹ ਰੁਕਦੀ ਨਹੀ। ਘਰ ਵੀ ਸੰਭਾਲਦੀ ਹੈ, ਦਫ਼ਤਰ ਵੀ ਜਾਂਦੀ ਹੈ ਅਤੇ ਆਪਣੀ ਮੁਸਕਰਾਹਟ ਨਾਲ ਹਰ ਜ਼ਿੰਮੇਵਾਰੀ ਨਿਭਾਉਂਦੀ ਹੈ। ਪੀੜ੍ਹੀ ਨੂੰ ਅੱਗੇ ਵਧਾਉਣ ਦਾ ਵਰਦਾਨ ਵੀ ਉਸਨੂੰ ਹੀ ਮਿਲਿਆ ਹੈ। ਨੌਂ ਮਹੀਨੇ ਇੱਕ ਨਵੀ ਜ਼ਿੰਦ ਨੂੰ ਆਪਣੀ ਕੁੱਖ ਵਿੱਚ ਰੱਖਣਾ ਅਤੇ ਜਨਮ ਦੇ ਸਮੇਂ ਮੌਤ ਵਰਗਾ ਦਰਦ ਸਹਿਣਾ ਇਹ ਤਾਕਤ ਪਰਮਾਤਮਾ ਨੇ ਇਸਤਰੀ ਨੂੰ ਬਖ਼ਸ਼ੀ ਹੈ। ਬੱਚਾ ਜਦੋਂ ਇਸ ਦੁਨੀਆ ਵਿੱਚ ਆਉਂਦਾ ਹੈ, ਉਹ ਆਪਣੇ ਸਾਰੇ ਦੁੱਖ ਭੁਲਾ ਦਿੰਦੀ ਹੈ। ਪਰ ਸਮਾਜ ਦਾ ਇੱਕ ਕੌੜਾ ਸੱਚ ਇਹ ਵੀ ਹੈ ਕਿ ਜੇ ਬੱਚਾ ਨਾ ਹੋਵੇ, ਤਾਂ ਅਕਸਰ ਦੋਸ਼ ਉਸਨੂੰ ਹੀ ਦਿੱਤਾ ਜਾਂਦਾ ਹੈ। ਉਸਦੀ ਜ਼ਿੰਦਗੀ ਬਾਰੇ ਫੈਸਲੇ ਹੋਣ ਲੱਗਦੇ ਹਨ, ਜਿਵੇਂ ਵਿਆਹ ਕਿਸੇ ਇਨਸਾਨ ਨਾਲ ਨਹੀ, ਸਗੋ ਸਿਰਫ਼ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਨਾਲ ਕੀਤਾ ਗਿਆ ਹੋਵੇ। ਇਹ ਸੋਚ ਇਸਤਰੀ ਦੀ ਇੱਜ਼ਤ ਅਤੇ ਅਸਤਿਤਵ ਦੋਵਾਂ 'ਤੇ ਸਵਾਲ ਖੜ੍ਹਾ ਕਰਦੀ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਇਸਤਰੀ ਤੋਂ ਹੀ ਸ੍ਰਿਸ਼ਟੀ ਜਨਮ ਲੈਂਦੀ ਹੈ। ਇਸਤਰੀ ਨਾਲ ਹੀ ਵਿਆਹ ਹੁੰਦਾ ਹੈ, ਇਸਤਰੀ ਨਾਲ ਹੀ ਘਰ ਵੱਸਦਾ ਹੈ। ਜੇ ਪਹਿਲੀ ਇਸਤਰੀ ਨਾ ਰਹੇ ਤਾਂ ਮਰਦ ਦੂਜੀ ਇਸਤਰੀ ਦੀ ਹੀ ਭਾਲ ਕਰਦਾ ਹੈ। ਫਿਰ ਉਸਨੂੰ ਮੰਦਾ ਕਿਉ ਆਖੀਏ? "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ। ਜਿਸ ਇਸਤਰੀ ਦੇ ਗਰਭ ਤੋਂ ਰਾਜੇ ਤੱਕ ਜਨਮ ਲੈਂਦੇ ਹਨ, ਉਸਨੂੰ ਮੰਦਾ ਕਿਵੇਂ ਕਿਹਾ ਜਾ ਸਕਦਾ ਹੈ? ਇਹ ਬਾਣੀ ਸਾਨੂੰ ਸਿਖਾਉਂਦੀ ਹੈ ਕਿ ਇਸਤਰੀ ਦਾ ਅਪਮਾਨ ਕਰਨਾ ਸ੍ਰਿਸ਼ਟੀ ਦੇ ਮੂਲ ਦਾ ਅਪਮਾਨ ਕਰਨਾ ਹੈ। ਕਦੇ ਕਿਹਾ ਜਾਂਦਾ ਸੀ ਕਿ ਸਮਾਜ ਮਰਦ ਪ੍ਰਧਾਨ ਹੈ ਕਿਉਂਕਿ ਮਰਦ ਕਮਾਉਂਦਾ ਸੀ ਅਤੇ ਇਸਤਰੀ ਘਰ ਦੀ ਚਾਰ ਦੀਵਾਰੀ ਤੱਕ ਸੀਮਿਤ ਸੀ। ਪਰ ਅੱਜ ਦੀ ਇਸਤਰੀ ਚੁੱਲ੍ਹੇ ਤੋਂ ਚੋਟੀ ਤੱਕ ਪਹੁੰਚ ਚੁੱਕੀ ਹੈ। ਉਹ ਕਮਾਉਂਦੀ ਵੀ ਹੈ, ਘਰ ਵੀ ਸੰਭਾਲਦੀ ਹੈ, ਬੱਚਿਆਂ ਦੀ ਪਰਵਰਿਸ਼ ਵੀ ਕਰਦੀ ਹੈ ਅਤੇ ਬਜ਼ੁਰਗਾਂ ਦੀ ਸੇਵਾ ਵੀ। ਫਿਰ ਵੀ ਉਸਨੂੰ ਕਮਜ਼ੋਰ ਕਿਹਾ ਜਾਂਦਾ ਹੈ। ਘਰ ਦੀਆਂ ਜ਼ਿੰਮੇਵਾਰੀਆਂ ਵੀ ਉਸਦੇ ਸਿਰ 'ਤੇ ਹਨ। ਬਾਹਰ ਦੀ ਨੌਕਰੀ ਵੀ ਉਹ ਨਿਭਾਉਂਦੀ ਹੈ। ਰਿਸ਼ਤੇਦਾਰਾਂ ਦੀਆਂ ਉਮੀਦਾਂ ਵੀ ਉਸ ਤੋਂ ਹੀ ਹਨ। ਸਮਾਜ ਦੀ ਇੱਜ਼ਤ ਵੀ ਉਸ ਨਾਲ ਜੋੜੀ ਜਾਂਦੀ ਹੈ ਅਤੇ ਕਈ ਵਾਰ ਘਰ ਦੇ ਆਪਣੇ ਲੋਕਾਂ ਦਾ ਜ਼ੁਲਮ ਵੀ ਉਸਨੂੰ ਹੀ ਸਹਿਣਾ ਪੈਂਦਾ ਹੈ। ਅੱਜ ਵੀ ਕਰੋੜਾਂ ਸੁਹਾਗਣਾਂ ਵਿਧਵਾ ਵਰਗੀ ਜ਼ਿੰਦਗੀ ਜੀਅ ਰਹੀਆਂ ਹਨ। ਉਹਨਾਂ ਦੇ ਸੁਪਨੇ ਘਰ ਦੀਆਂ ਚਾਰ ਦੀਵਾਰੀਆਂ ਵਿੱਚ ਕੈਦ ਹਨ। ਉਹ ਹੱਸਦੀਆਂ ਹਨ ਪਰ ਅੰਦਰੋਂ ਰੋਂਦੀਆਂ ਹਨ। ਜੇ ਮਰਦ ਬਾਹਰ ਜਸ਼ਨ ਮਨਾਏ ਅਤੇ ਇਸਤਰੀ ਦੁੱਖ ਸਹੇ, ਤਾਂ ਕਿਹਾ ਜਾਂਦਾ ਹੈ ਕਿ ਉਸਨੂੰ ਰੋਟੀ-ਕੱਪੜਾ ਮਿਲ ਰਿਹਾ ਹੈ ਹੋਰ ਕੀ ਚਾਹੀਦਾ ਹੈ? ਇਹ ਗੰਦੀ ਸੋਚ ਬਦਲਣ ਦੀ ਸਭ ਤੋਂ ਵੱਡੀ ਲੋੜ ਹੈ। ਜੇ ਪਰਮਾਤਮਾ ਨੇ ਮਰਦ ਅਤੇ ਇਸਤਰੀ ਦੋਵਾਂ ਨੂੰ ਇਕੋ ਜਿਹਾ ਬਣਾਇਆ ਹੈ, ਤਾਂ ਇਨਸਾਨ ਕੌਣ ਹੈ ਜੋ ਇਸਤਰੀ ਨੂੰ ਘੱਟ ਆਖੇ? ਸਹਿਨਸ਼ੀਲਤਾ, ਮਮਤਾ, ਤਿਆਗ ਅਤੇ ਪਿਆਰ ਇਹ ਗੁਣ ਉਸਦੀ ਕਮਜ਼ੋਰੀ ਨਹੀ, ਉਸਦੀ ਸਭ ਤੋਂ ਵੱਡੀ ਤਾਕਤ ਹਨ। ਇਸਤਰੀ ਹੀ ਘਰ ਨੂੰ ਘਰ ਬਣਾਉਂਦੀ ਹੈ। ਉਹ ਮਾਂ ਹੈ, ਜੋ ਆਪਣਾ ਹਿੱਸਾ ਛੱਡ ਕੇ ਬੱਚਿਆਂ ਨੂੰ ਖਵਾਉਂਦੀ ਹੈ। ਉਹ ਧੀ ਹੈ, ਜੋ ਦੋ ਘਰਾਂ ਦੀ ਇੱਜ਼ਤ ਬਣਦੀ ਹੈ। ਉਹ ਪਤਨੀ ਹੈ, ਜੋ ਹਰ ਹਾਲਤ ਵਿੱਚ ਸਾਥ ਨਿਭਾਉਂਦੀ ਹੈ। ਉਹ ਭੈਣ ਹੈ, ਜੋ ਰਿਸ਼ਤਿਆਂ ਨੂੰ ਧਾਗਿਆਂ ਨਾਲ ਨਹੀ, ਦਿਲ ਨਾਲ ਜੋੜਦੀ ਹੈ। ਸੰਯੁਕਤ ਰਾਸ਼ਟਰ ਦੀ ਮਹਿਲਾ ਸੰਸਥਾ (ਯੂਐਨ ਵੂਮਨ) ਅਤੇ ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਅਨੁਸਾਰ:

- •ਦੁਨੀਆ ਵਿੱਚ ਹਰ 3 ਵਿੱਚੋਂ 1 ਇਸਤਰੀ ਆਪਣੇ ਜੀਵਨ ਵਿੱਚ ਕਿਸੇ ਨਾ ਕਿਸੇ ਰੂਪ ਦੀ ਸਰੀਰਕ ਜਾਂ ਯੌਨ ਹਿੰਸਾ ਦਾ ਸ਼ਿਕਾਰ ਹੁੰਦੀ ਹੈ।
- •ਮਹਿਲਾਵਾਂ ਨੂੰ ਪੁਰਸ਼ਾਂ ਨਾਲੋਂ ਔਸਤਨ 20% ਘੱਟ ਤਨਖ਼ਾਹ ਮਿਲਦੀ ਹੈ।
- •ਸੰਸਦਾਂ ਵਿੱਚ ਮਹਿਲਾਵਾਂ ਦੀ ਨੁਮਾਇੰਦਗੀ ਲਗਭਗ 26% ਹੀ ਹੈ।
- •ਲਗਭਗ 24 ਕਰੋੜ ਕੁੜੀਆਂ ਅਤੇ ਮਹਿਲਾਵਾਂ ਸਿੱਖਿਆ ਤੋਂ ਵੰਚਿਤ ਹਨ।
- •ਬਿਨਾਂ ਵੇਤਨ ਵਾਲੇ ਘਰੇਲੂ ਕੰਮ ਦਾ 75% ਭਾਰ ਮਹਿਲਾਵਾਂ ਚੁੱਕਦੀਆਂ ਹਨ।
- •ਸੰਘਰਸ਼ ਅਤੇ ਗਰੀਬੀ ਵਿੱਚ ਰਹਿਣ ਵਾਲਿਆਂ ਵਿੱਚ ਵੱਡਾ ਹਿੱਸਾ ਇਸਤਰੀਆਂ ਅਤੇ ਕੁੜੀਆਂ ਦਾ ਹੈ।

ਇਹ ਅੰਕੜੇ ਸਿਰਫ਼ ਗਿਣਤੀਆਂ ਨਹੀ ਇਹ ਇਸਤਰੀ ਦੇ ਦਰਦ ਦੀ ਸੱਚੀ ਤਸਵੀਰ ਹਨ। ਅੱਜ ਦੀ ਇਸਤਰੀ ਸੰਸਾਰ ਦੇ ਹਰ ਖੇਤਰ ਵਿੱਚ ਅੱਗੇ ਵੱਧ ਰਹੀ ਹੈ। ਉਹ ਨੇਤ੍ਰਿਤਵ ਕਰ ਰਹੀ ਹੈ, ਫੈਸਲੇ ਲੈ ਰਹੀ ਹੈ ਅਤੇ ਉੱਚੀਆਂ ਚੋਟੀਆਂ ਨੂੰ ਛੂਹ ਰਹੀ ਹੈ। ਪਰ ਸਵਾਲ ਅਜੇ ਵੀ ਬਾਕੀ ਹੈ ਕਿ ਸਮਾਜ ਦੀ ਸੋਚ ਉਸਦੇ ਨਾਲ ਕਦਮ ਮਿਲਾ ਨਹੀ ਹੈ? ਮਹਿਲਾ ਦਿਵਸ ਸਿਰਫ਼ ਫੁੱਲ ਦੇਣ ਦਾ ਦਿਨ ਨਹੀ ਹੋਣਾ ਚਾਹੀਦਾ। ਅਸਲ ਸਨਮਾਨ ਇਹ ਹੈ ਸਮਾਨ ਤਨਖ਼ਾਹ, ਸਿੱਖਿਆ ਵਿੱਚ ਬਰਾਬਰ ਮੌਕੇ, ਘਰੇਲੂ ਹਿੰਸਾ ਦਾ ਅੰਤ, ਫੈਸਲਾ ਕਰਨ ਵਾਲੇ ਅਹੁਦਿਆਂ ਵਿੱਚ ਸਮਾਨ ਹਿੱਸੇਦਾਰੀ ਹੋਵੇ, ਅਸੀ ਅਕਸਰ ਇਸਤਰੀ ਦੇ ਸਰੀਰਕ ਦਰਦ ਦੀ ਗੱਲ ਕਰਦੇ ਹਾਂ ਪਰ ਕੀ ਅਸੀ ਕਦੇ ਉਸਦੀ ਮਾਨਸਿਕ ਥਕਾਵਟ ਬਾਰੇ ਵੀ ਸੋਚਿਆ ਹੈ? ਇਸਤਰੀ ਤੋਂ ਹਮੇਸ਼ਾ ਉਮੀਦ ਕੀਤੀ ਜਾਂਦੀ ਹੈ ਕਿ ਉਹ ਮਜ਼ਬੂਤ ਰਹੇ। ਪਰ ਜਦੋਂ ਉਹ ਖੁਦ ਅੰਦਰੋਂ ਟੁੱਟ ਰਹੀ ਹੋਵੇ, ਉਸਦੀ ਗੱਲ ਸੁਣਨ ਵਾਲਾ ਕੌਣ ਹੁੰਦਾ ਹੈ? ਕਿੰਨੀਆਂ ਇਸਤਰੀਆਂ ਡਿਪ੍ਰੈਸ਼ਨ ਦਾ ਸ਼ਿਕਾਰ ਹੁੰਦੀਆਂ ਹਨ, ਪਰ ਘਰ ਦੀ ਇੱਜ਼ਤ ਦੇ ਨਾਮ 'ਤੇ ਚੁੱਪ ਰਹਿ ਜਾਂਦੀਆਂ ਹਨ। ਕਿੰਨੀਆਂ ਆਪਣੀਆਂ ਖ਼ਾਹਿਸ਼ਾਂ ਦਬਾ ਕੇ ਦੂਜਿਆਂ ਦੇ ਸੁਪਨੇ ਪੂਰੇ ਕਰਦੀਆਂ ਰਹਿੰਦੀਆਂ ਹਨ। ਕਿੰਨੀਆਂ ਹਰ ਰੋਜ਼ ਮੈਂ ਠੀਕ ਹਾਂ ਕਹਿ ਕੇ ਆਪਣੇ ਅੰਦਰਲੇ ਦਰਦ ਨੂੰ ਲੁਕਾ ਲੈਂਦੀਆਂ ਹਨ। ਇਸਤਰੀ ਨੂੰ ਸਿਰਫ਼ ਸੁਣਨ ਵਾਲਾ ਕੰਨ ਅਤੇ ਸਮਝਣ ਵਾਲਾ ਦਿਲ ਵੀ ਚਾਹੀਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ "ਘਰ ਇਸਤਰੀ ਨਾਲ ਬਣਦਾ ਹੈ। ਇਹ ਸਿਰਫ਼ ਕਹਾਵਤ ਨਹੀ, ਇੱਕ ਕੌੜੀ ਹਕੀਕਤ ਹੈ। ਅਕਸਰ ਘਰ ਇਸਤਰੀ ਦੀ ਸਹਿਣਸ਼ੀਲਤਾ, ਸਮਝਦਾਰੀ ਅਤੇ ਚੁੱਪਚਾਪ ਕੀਤੇ ਤਿਆਗ ਕਰਕੇ ਹੀ ਟਿਕੇ ਰਹਿੰਦੇ ਹਨ। ਇਸਤ੍ਰੀ ਚੁੱਪਚਾਪ ਸਭ ਕੁਝ ਸਹਿੰਦੀ ਰਹੇ ਤਾਂ ਉਹ ਬਹੁਤ ਚੰਗੀ ਕਹੀ ਜਾਂਦੀ ਹੈ। ਪਰ ਜੇ ਉਹ ਬੋਲੇ, ਆਪਣੀ ਗੱਲ ਰੱਖੇ, ਤਾਂ ਉਸ ਨੂੰ ਮਾੜੀ ਆਖਿਆ ਜਾਂਦਾ ਹੈ। ਪਰ ਅਸਲ ਵਿੱਚ ਅਜਿਹੇ ਵਤੀਰੇ ਵਾਲੇ ਘਰਾਂ ਦੀ ਕਿਸਮਤ ਹੀ ਮਾੜੀ ਹੁੰਦੀ ਹੈ, ਜਿੱਥੇ ਇਸਤ੍ਰੀ ਦੀ ਆਵਾਜ਼ ਨੂੰ ਸਨਮਾਨ ਨਹੀ ਮਿਲਦਾ। ਸੋਚੋ ਜੇ ਇਸਤਰੀ ਸਹਿਣਾ ਛੱਡ ਦੇਵੇ? ਜੇ ਉਹ ਹਰ ਅਨਿਆ ਦਾ ਜਵਾਬ ਜਿਉ ਦਾ ਤਿਉ ਦੇਣਾ ਸ਼ੁਰੂ ਕਰ ਦੇਵੇ? ਤਾਂ ਕਿੰਨੇ ਘਰ ਬਚ ਸਕਣਗੇ? ਕਿੰਨੇ ਰਿਸ਼ਤੇ ਕਾਇਮ ਰਹਿਣਗੇ? ਕਈ ਵਾਰ ਉਹ ਰੋਂਦੀ ਹੈ, ਅੰਦਰੋਂ ਕੁਰਲਾਉਂਦੀ ਹੈ ਹੈ। ਕਈ ਵਾਰ ਰਾਤ ਦੇ ਹਨੇਰੇ ਵਿੱਚ ਚੁੱਪਚਾਪ ਅੱਥਰੂ ਵਗਾਉਂਦੀ ਹੈ। ਬਾਹਰੋਂ ਉਹ ਮਜ਼ਬੂਤ ਦਿਖਾਈ ਦਿੰਦੀ ਹੈ, ਪਰ ਅੰਦਰ ਇੱਕ ਤੂਫ਼ਾਨ ਚੱਲਦਾ ਰਹਿੰਦਾ ਹੈ। ਦੁੱਖ ਦੇਣ ਵਾਲਿਆਂ ਨੂੰ ਅਕਸਰ ਲੱਗਦਾ ਹੈ ਇਸਨੂੰ ਕੀ ਫਰਕ ਪੈਂਦਾ ਹੈ.. ਚਾਰ ਦਿਨ ਰੋ ਲਵੇਗੀ, ਫਿਰ ਠੀਕ ਹੋ ਜਾਵੇਗੀ। ਪਰ ਇਹ ਸਭ ਤੋਂ ਵੱਡੀ ਗਲਤਫਹਿਮੀ ਹੈ। ਇਸਤਰੀ ਦੇ ਦਿਲ ਵਿੱਚ ਵੀ ਭਾਵਨਾਵਾਂ ਹਨ। ਉਸਦਾ ਵੀ ਸਨਮਾਨ ਹੈ। ਉਸਦਾ ਵੀ ਸਵੈ-ਅਭਿਮਾਨ ਹੈ। ਉਸਨੂੰ ਵੀ ਆਪਣੇ ਹਿੱਸੇ ਦੀਆਂ ਖੁਸ਼ੀਆਂ ਦਾ ਹੱਕ ਹੈ। ਉਹ ਪੱਥਰ ਨਹੀਂ। ਉਹ ਸਿਰਫ਼ ਸਹਿਣ ਵਾਲੀ ਮਸ਼ੀਨ ਨਹੀਂ। ਉਹ ਵੀ ਥੱਕਦੀ ਹੈ। ਉਹ ਵੀ ਟੁੱਟਦੀ ਹੈ। ਮਾਨਸਿਕ ਪਰੇਸ਼ਾਨੀ, ਸਰੀਰਕ ਦਰਦ ਨਾਲੋਂ ਵੀ ਵੱਧ ਗਹਿਰੀ ਹੁੰਦੀ ਹੈ। ਸਰੀਰ ਦਾ ਜ਼ਖ਼ਮ ਦਿਸ ਜਾਂਦਾ ਹੈ, ਪਰ ਦਿਲ ਦਾ ਜ਼ਖ਼ਮ ਚੁੱਪਚਾਪ ਅੰਦਰ ਸੜਦਾ ਰਹਿੰਦਾ ਹੈ। ਇਸਤ੍ਰੀ ਨੂੰ ਅਕਸਰ ਗਲ ਪਿਆ ਢੋਲ ਵੀ ਵਜਾਉਣਾ ਪੈਂਦਾ ਹੈ ਤਾਂ ਜੋ ਘਰ ਬਚਿਆ ਰਹੇ। ਪਰ ਘਰ ਸਿਰਫ਼ ਇੱਕ ਜਣੇ ਦੇ ਜ਼ੋਰ ਨਾਲ ਕਿੰਨਾ ਚਿਰ ਚੱਲ ਸਕਦਾ ਹੈ? ਘਰ ਤਦ ਹੀ ਟਿਕਦਾ ਹੈ ਜਦੋਂ ਦੋਵੇਂ ਪਾਸਿਆਂ ਤੋਂ ਸਮਝ, ਸਤਿਕਾਰ ਅਤੇ ਸਹਿਯੋਗ ਮਿਲੇ। ਇਸਤਰੀ ਦੀ ਚੁੱਪੀ ਕਮਜ਼ੋਰੀ ਨਹੀ ਹੁੰਦੀ। ਕਈ ਵਾਰ ਇਹ ਘਰ ਦੀ ਸ਼ਾਂਤੀ ਲਈ ਕੀਤਾ ਸਭ ਤੋਂ ਵੱਡਾ ਤਿਆਗ ਹੁੰਦਾ ਹੈ। ਪਰ ਹਰ ਤਿਆਗ ਦੀ ਇੱਕ ਹੱਦ ਹੁੰਦੀ ਹੈ। ਹਰ ਚੁੱਪੀ ਦਾ ਵੀ ਇੱਕ ਅੰਤ ਹੁੰਦਾ ਹੈ। ਸਮਾਜ ਨੂੰ ਇਹ ਸਮਝਣਾ ਹੋਵੇਗਾ ਕਿ ਇਸਤਰੀ ਦੀ ਸਹਿਣਸ਼ੀਲਤਾ ਨੂੰ ਉਸਦੀ ਮਜਬੂਰੀ ਨਾ ਬਣਾਇਆ ਜਾਵੇ। ਉਸਦੇ ਜਜ਼ਬਾਤਾਂ ਨੂੰ ਵੀ ਉਨਾ ਹੀ ਮਹੱਤਵ ਮਿਲੇ, ਜਿੰਨਾ ਉਸ ਦੀਆਂ ਜ਼ਿੰਮੇਵਾਰੀਆਂ ਨੂੰ ਮਿਲਦਾ ਹੈ। ਕਿਉਂਕਿ ਘਰ ਉਸ ਵੇਲੇ ਹੀ ਸੱਚਮੁੱਚ ਘਰ ਬਣਦਾ ਹੈ, ਜਦੋਂ ਉਸ ਵਿੱਚ ਰਹਿਣ ਵਾਲੀ ਇਸਤਰੀ ਅੰਦਰੋਂ ਖੁਸ਼, ਸੁਰੱਖਿਅਤ ਅਤੇ ਸਨਮਾਨਿਤ ਹੋਵੇ। ਇਹ ਵਿਤਕਰੇ ਆਖ਼ਰ ਕਦੋਂ ਤੱਕ ਚੱਲਦੇ ਰਹਿਣਗੇ? ਅਤੇ ਕਿਉ? ਕੌਣ ਇਨ੍ਹਾਂ ਨੂੰ ਖਤਮ ਕਰੇਗਾ ਸਿਰਫ਼ ਸਰਕਾਰ ਜਾਂ ਸਮਾਜ, ਜਾਂ ਫਿਰ ਅਸੀ ਆਪਣੇ ਆਪ? ਮਹਿਲਾ ਦਿਵਸ ਸਿਰਫ਼ ਸ਼ੁਭਕਾਮਨਾਵਾਂ ਦੇਣ, ਕੇਕ ਕੱਟਣ ਜਾਂ ਤੋਹਫ਼ੇ ਦੇਣ ਤੱਕ ਸੀਮਿਤ ਨਹੀ ਹੋਣਾ ਚਾਹੀਦਾ। ਇਸ ਦਿਨ ਦੀ ਅਸਲ ਮਹੱਤਤਾ ਤਾਂ ਹੈ ਜਦੋਂ ਅਸੀ ਇਸਤਰੀ ਦੀਆਂ ਗੰਭੀਰ ਸਮੱਸਿਆਵਾਂ ਬਾਰੇ ਸੋਚੀਏ, ਉਹਨਾਂ 'ਤੇ ਗਹਿਰਾਈ ਨਾਲ ਵਿਚਾਰ ਕਰੀਏ ਅਤੇ ਉਨ੍ਹਾਂ ਦੇ ਹੱਲ ਲਈ ਕਦਮ ਚੁੱਕੀਏ। ਜਦ ਤੱਕ ਸੋਚ ਨਹੀ ਬਦਲੇਗੀ, ਹਾਲਾਤ ਵੀ ਨਹੀ ਬਦਲਣਗੇ। ਇਸਤਰੀ ਨੂੰ ਸਿਰਫ਼ ਇੱਕ ਦਿਨ ਨਹੀ, ਸਾਲ ਦੇ ਹਰ ਦਿਨ ਸਨਮਾਨ ਅਤੇ ਬਰਾਬਰੀ ਦਾ ਹੱਕ ਮਿਲਣਾ ਚਾਹੀਦਾ ਹੈ। ਬਦਲਾਅ ਦੀ ਸ਼ੁਰੂਆਤ ਸਾਡੇ ਆਪਣੇ ਘਰ ਤੋਂ ਸਾਡੀ ਆਪਣੀ ਸੋਚ ਤੋਂ ਅਤੇ ਸਾਡੇ ਆਪਣੇ ਵਿਹਾਰ ਤੋਂ ਹੋਣੀ ਚਾਹੀਦੀ ਹੈ। ਇਸਤਰੀ ਕਮਜ਼ੋਰ ਨਹੀ ਉਹ ਜੀਵਨ ਦੀ ਰਚਨਹਾਰ ਹੈ। ਉਹ ਘਰ ਦੀ ਨੀਹ ਹੈ ਅਤੇ ਸਮਾਜ ਦੀ ਅਸਲ ਤਾਕਤ ਹੈ। ਇਸਤਰੀ ਨੂੰ ਘੱਟ ਸਮਝਣਾ ਦਰਅਸਲ ਇਨਸਾਨੀਅਤ ਨੂੰ ਘੱਟ ਸਮਝਣਾ ਹੈ। ਉਸਦਾ ਦਰਦ ਮਹਾਨ ਹੈ, ਉਸਦੀ ਸਹਿਣਸ਼ੀਲਤਾ ਅਦਭੁੱਤ ਹੈ ਅਤੇ ਉਸਦੀ ਤਾਕਤ ਅਸੀਮ ਹੈ। ਜਦੋਂ ਇਸਤਰੀ ਅੱਗੇ ਵਧੇਗੀ, ਤਦੋਂ ਹੀ ਸੰਸਾਰ ਅੱਗੇ ਵਧੇਗਾ। ਜਿਨ੍ਹਾਂ ਘਰਾਂ ਨੇ ਇਸਤਰੀ ਨੂੰ ਦੁੱਖ ਦਿੱਤਾ, ਉਸ ਦੀ ਕਦਰ ਨਾ ਕੀਤੀ, ਉਸ ਦੇ ਵਜੂਦ ਨੂੰ ਠੇਸ ਪਹੁੰਚਾਈ, ਅਕਸਰ ਵੇਖਿਆ ਗਿਆ ਹੈ ਕਿ ਉਹ ਘਰ ਆਪ ਵੀ ਸੁੱਖ ਤੋਂ ਵਾਂਝੇ ਰਹਿੰਦੇ ਹਨ। ਜਿੱਥੇ ਇਸਤਰੀ ਦੀ ਇੱਜ਼ਤ ਨਹੀ ਹੁੰਦੀ, ਉੱਥੇ ਚੈਨ ਤੇ ਬਰਕਤ ਵੀ ਠਹਿਰਦੀ ਨਹੀ। ਪਰ ਫਿਰ ਵੀ... ਇਸਤਰੀ ਦਾ ਦਿਲ ਇੰਨਾ ਵਿਸ਼ਾਲ ਹੁੰਦਾ ਹੈ ਕਿ ਉਹ ਰੰਜ ਨਹੀ ਪਾਲਦੀ। ਉਹ ਟੁੱਟ ਕੇ ਵੀ ਜੋੜਨਾ ਜਾਣਦੀ ਹੈ, ਰੋ ਕੇ ਵੀ ਹੌਸਲਾ ਦੇਣਾ ਜਾਣਦੀ ਹੈ। ਉਹ ਆਪਣੇ ਦੁੱਖਾਂ ਨੂੰ ਚੁੱਪਚਾਪ ਸਹਿ ਕੇ ਵੀ ਪਰਿਵਾਰ ਦੀ ਖੁਸ਼ਹਾਲੀ ਲਈ ਅਰਦਾਸ ਕਰਦੀ ਰਹਿੰਦੀ ਹੈ। ਇਹੀ ਉਸ ਦੀ ਮਹਾਨਤਾ ਹੈ- ਦੁੱਖਾਂ ਵਿਚੋਂ ਵੀ ਦੁਆ ਬਣ ਜਾਣਾ।

## ਮਹਿਲਾ ਦਿਵਸ 'ਤੇ ਵਿਸ਼ੇਸ਼

ਰਵਨੀਤ ਕੌਰ (ਡਾ.) ਨਿਰਸੰਦੇਹ ਤੱਪਦੀ ਭੱਠੀ ਦਾ ਕੁੰਦਨ ਹਨ। ਵਿਦਿਆ ਦੇ ਖੇਤਰ ਵਿਚ ਉਨ੍ਹਾਂ ਦੀ ਨਵੇਕਲੀ ਸਤਿਕਾਰਯੋਗ ਪਹਿਚਾਣ ਹੈ। ਗੁਰੂ ਤੇਗ ਬਹਾਦਰ ਇਟਰਨੈਸ਼ਨਲ ਸਕੂਲ, ਗੁਰਦਾਸਪੁਰ ਉਨ੍ਹਾਂ ਦੀ ਵਡਮੁੱਲੀ ਦੇਣ ਹੈ, ਜਿਥੇ ਉਨ੍ਹਾਂ ਨੇ ਬਤੌਰ ਪ੍ਰਿੰਸੀਪਲ ਅਤੇ ਡਾਇਰੈਕਟਰ ਵਜੋਂ ਦੋ ਦਹਾਕੇ ਸੇਵਾ ਨਿਭਾਈ। ਅੱਜ ਵੀ ਉਹ ਨਿਊਯਾਰਕ ਦੀ ਧਰਤੀ ਤੋਂ ਆਪਣੇ ਵੱਲੋਂ ਲਗਾਏ ਇਸ ਗੁਰੂ ਤੇਗ ਬਹਾਦਰ ਇਟਰਨੈਸ਼ਨਲ ਸਕੂਲ ਰੂਪੀ ਬੂਟੇ ਨੂੰ ਬਤੌਰ ਮੈਨੇਜਿੰਗ ਡਾਇਰੈਕਟਰ ਸਿੰਝ ਰਹੇ ਹਨ। ਪੰਜਾਬੀ ਭਾਸ਼ਾ, ਸਾਹਿਤ, ਕਲਾ ਅਤੇ ਸਭਿਆਚਾਰ ਦੇ ਸਰਬਪੱਖੀ ਵਿਕਾਸ ਵਿਚ ਉਨ੍ਹਾਂ ਵੱਲੋਂ ਪਾਇਆ ਜਾ ਰਿਹਾ ਯੋਗਦਾਨ ਵਡਮੁੱਲਾ ਹੈ। ਬਿਨਫਸ਼ੇ ਦੇ ਫੱਲ ਵਾਂਗ ਉਨ੍ਹਾਂ ਦੀਆਂ ਕਿਰਤਾਂ ਆਪਣੀ ਮਹਿਕ ਖਿਲਾਰ ਰਹੀਆਂ ਹਨ। ਰਵਨੀਤ ਕੌਰ (ਡਾ.) ਦੂਰ-ਅੰਦੇਸ਼ੀ ਸੋਚ ਦੇ ਮਾਲਕ ਹਨ, ਜਿਨ੍ਹਾਂ ਦੀ ਕਲਮ ਸੱਚ ਬੋਲਣ ਦੀ ਹਿੰਮਤ ਰੱਖਦੀ ਹੈ। ਉਹ ਪੰਜਾਬੀ ਭਾਸ਼ਾ, ਸਾਹਿੱਤ ਅਤੇ ਮਨੁੱਖਤਾ ਦੇ ਭਲੇ ਲਈ ਆਪਣਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਆਪਣੀ ਪਹਿਲੀ ਵਾਰਤਕ ਪੁਸਤਕ 'ਸੱਚ ਦੇ ਮੋਤੀ' ਜੋ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ ਤੇ ਲਿਖੀ ਗਈ ਹੈ, ਰਾਹੀਂ ਪੰਜਾਬੀ ਸਾਹਿਤ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਹੈ। ਉਮੀਦ ਹੈ ਪੁਸਤਕ 'ਸੱਚ ਦੇ ਮੋਤੀ' ਵਿਦਿਆਰਥੀਆਂ ਦਾ ਮਾਰਗ ਦਰਸ਼ਕ ਬਣੇਗੀ।

## ਭਾਈ ਸਰਵਣ ਸਿੰਘ ਇੱਕ ਪ੍ਰੇਰਨਾਦਾਇਕ ਜੀਵਨ ਯਾਤਰਾ

# ਸਿੱਖੀ ਸਿਦਕ ਦੇ ਵਿਸ਼ਵ ਪ੍ਰਤੀਕ ਅਤੇ ਗਿਨੀਜ਼ ਵਰਲਡ ਰਿਕਾਰਡ ਹੋਲਡਰ

**ਇੱਕ ਯਾਦਗਾਰੀ ਮਿਲਣੀ ਚੜ੍ਹਦੀਕਲਾ ਦੇ ਵਿਹੜੇ ਵਿੱਚ ਰੂਹਾਨੀ ਦਸਤਕ:** ਭਾਈ ਸਰਵਣ ਸਿੰਘ ਜੀ ਪਿਛਲੇ ਦਿਨੀ ਪਟਿਆਲਾ ਵਿਖੇ 'ਚੜ੍ਹਦੀਕਲਾ' ਦੇ ਮੁੱਖ ਦਫ਼ਤਰ ਆਏ। ਜਦੋਂ ਉਹਨਾਂ ਨੇ ਦਫ਼ਤਰ ਵਿੱਚ ਪ੍ਰਵੇਸ਼ ਕੀਤਾ ਤਾਂ ਇੰਝ ਮਹਿਸੂਸ ਹੋਇਆ ਜਿਵੇਂ ਕੋਈ ਇਤਿਹਾਸਕ ਪਾਤਰ ਸਾਡੇ ਸਾਹਮਣੇ ਸਾਖਿਆਤ ਰੂਪ ਵਿੱਚ ਪ੍ਰਗਟ ਹੋ ਗਿਆ ਹੋਵੇ। ਉਹਨਾਂ ਦੇ ਚਿਹਰੇ ਦਾ ਜਲਾਲ ਅਤੇ ਗੁਰੂ ਦੀ ਬਖਸ਼ਿਸ਼ ਵਜੋ ਸਜੀ ਲੰਬੀ ਦਾੜ੍ਹੀ ਉਹਨਾਂ ਦੀ ਸ਼ਖਸੀਅਤ ਨੂੰ ਚਾਰ ਚੰਨ ਲਗਾ ਰਹੀ ਸੀ। ਇੱਥੇ ਉਹਨਾਂ ਨਾਲ ਹੋਈ ਗੱਲਬਾਤ ਦੌਰਾਨ ਉਹਨਾਂ ਦੇ ਬਹੁਤ ਹੀ ਉੱਚੇ ਅਤੇ ਸੁੱਚੇ ਵਿਚਾਰ ਸੁਣਨ ਦਾ ਸੁਭਾਗ ਮਿਲਿਆ। **ਡਾਇਰੈਕਟਰ ਸ. ਹਰਪ੍ਰੀਤ ਸਿੰਘ ਦਰਦੀ ਜੀ** ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਭਾਈ ਸਾਹਿਬ ਦੇ ਵਿਚਾਰਾਂ ਵਿੱਚ ਜਿੱਥੇ ਗੁਰਬਾਣੀ ਦਾ ਠਹਿਰਾਅ ਸੀ, ਉੱਥੇ ਹੀ ਸਿੱਖੀ ਪਛਾਣ ਪ੍ਰਤੀ ਇੱਕ ਅਟੁੱਟ ਦ੍ਰਿੜ੍ਹਤਾ ਵੀ ਝਲਕ ਰਹੀ ਸੀ। ਇਸ ਮੁਲਾਕਾਤ ਨੇ ਇਹ ਸਾਬਤ ਕਰ ਦਿੱਤਾ ਕਿ ਭਾਈ ਸਰਵਣ ਸਿੰਘ ਕੇਵਲ ਇੱਕ **'ਵਰਲਡ ਰਿਕਾਰਡ ਹੋਲਡਰ'** ਹੀ ਨਹੀ, ਸਗੋਂ ਸਿੱਖੀ ਸਿਧਾਂਤਾਂ ਦੇ ਇੱਕ ਮਹਾਨ ਵਿਆਖਿਆਕਾਰ ਵੀ ਹਨ।





**ਸਿੱਖੀ ਪਛਾਣ ਦਾ ਗਲੋਬਲ ਚਿਹਰਾ:** ਸਿੱਖ ਧਰਮ ਵਿੱਚ 'ਕੇਸ' (ਵਾਲ) ਮਹਿਜ਼ ਇੱਕ ਸਰੀਰਕ ਅੰਗ ਨਹੀ ਸਗੋ ਗੁਰੂ ਦੀ ਮੋਹਰ, ਅਧਿਆਤਮਿਕ ਸ਼ਕਤੀ ਦਾ ਸਰੋਤ ਅਤੇ ਗੁਰੂ ਪ੍ਰਤੀ ਅਟੁੱਟ ਸ਼ਰਧਾ ਦਾ ਪ੍ਰਤੀਕ ਮੰਨੇ ਜਾਂਦੇ ਹਨ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਨੂੰ 'ਨਿਆਰਾ' ਸਰੂਪ ਬਖਸ਼ਿਆ ਸੀ ਅਤੇ ਜਦੋਂ ਕੋਈ ਗੁਰਸਿੱਖ ਆਪਣੇ ਕੇਸਾਂ ਨੂੰ ਪੂਰਨ ਸਿਦਕ ਅਤੇ ਸਬਰ ਨਾਲ ਸੰਭਾਲਦਾ ਹੈ ਤਾਂ ਉਹ ਕੇਵਲ ਇੱਕ ਵਿਅਕਤੀ ਨਹੀ ਰਹਿ ਜਾਂਦਾ ਸਗੋ ਇਲਾਹੀ ਬਖਸ਼ਿਸ਼ ਦਾ ਜਿਉਂਦਾ-ਜਾਗਦਾ ਸਬੂਤ ਬਣ ਜਾਂਦਾ ਹੈ। ਕੈਨੇਡਾ ਦੇ ਸਰੀ ਸ਼ਹਿਰ ਦੇ ਨਿਵਾਸੀ ਭਾਈ ਸਰਵਣ ਸਿੰਘ ਜੀ ਇੱਕ ਅਜਿਹੀ ਹੀ ਮਾਨਮੱਤੀ ਸ਼ਖਸੀਅਤ ਹਨ। ਆਪਣੀ ਵਿਲੱਖਣ ਅਤੇ ਇਤਿਹਾਸਕ ਲੰਬੀ ਦਾੜ੍ਹੀ ਰਾਹੀ ਉਹਨਾਂ ਨੇ ਨਾ ਸਿਰਫ਼ ਆਪਣਾ ਨਾਮ **'ਗਿਨੀਜ਼ ਵਰਲਡ ਰਿਕਾਰਡ'** ਦੇ ਸੁਨਹਿਰੀ ਪੰਨਿਆਂ 'ਤੇ ਦਰਜ ਕਰਵਾਇਆ ਹੈ ਸਗੋ ਪੂਰੀ ਦੁਨੀਆ ਵਿੱਚ ਸਿੱਖ ਪਛਾਣ ਨੂੰ ਇੱਕ ਨਵਾਂ ਮਾਣ-ਸਨਮਾਨ ਅਤੇ ਵਿਸ਼ਵਵਿਆਪੀ ਮਾਨਤਾ ਦਿਵਾਈ ਹੈ।

**ਮੁੱਢਲਾ ਜੀਵਨ ਅਤੇ ਟਕਸਾਲੀ ਵਿੱਦਿਆ:** ਸਿੱਖ ਇਤਿਹਾਸ ਅਤੇ ਵਿਰਸੇ ਵਿੱਚ ਕੇਸਾਂ ਦੀ ਅਹਿਮੀਅਤ ਕੇਵਲ ਇੱਕ ਧਾਰਮਿਕ ਪਹਿਰਾਵੇ ਤੱਕ ਸੀਮਿਤ ਨਹੀ ਹੈ ਸਗੋ ਇਹ ਗੁਰੂ ਦੀ ਅਪਾਰ ਬਖਸ਼ਿਸ਼ ਅਤੇ ਇੱਕ ਸਿੱਖ ਦੇ ਅਟੁੱਟ ਸਿਦਕ ਦੀ ਨਿਸ਼ਾਨੀ ਹਨ। ਇਸੇ ਸਿਦਕ ਅਤੇ ਸਬਰ ਦੀ ਜਿਉਂਦੀ-ਜਾਗਦੀ ਮਿਸਾਲ ਭਾਈ ਸਰਵਣ ਸਿੰਘ ਜੀ ਹਨ ਜਿਨ੍ਹਾਂ ਦਾ ਜਨਮ ਮਾਣਮੱਤੀ ਧਰਤੀ ਪਿੰਡ ਭੂਰਾ ਕ੍ਰੀਮ ਪੁਰਾ, ਨੇੜੇ ਖੇਮਕਰਨ (ਜ਼ਿਲ੍ਹਾ ਤਰਨ ਤਾਰਨ) ਵਿਖੇ ਹੋਇਆ। ਭਾਈ ਸਰਵਣ ਸਿੰਘ ਜੀ ਦਾ ਜੀਵਨ ਸ਼ੁਰੂ ਤੋਂ ਹੀ ਗੁਰਮਤਿ ਸਿਧਾਂਤਾਂ ਦੇ ਰੰਗ ਵਿੱਚ ਰੰਗਿਆ ਹੋਇਆ ਸੀ। ਉਹਨਾਂ ਦਾ ਜਨਮ ਪੰਜਾਬ ਦੀ ਧਰਤੀ 'ਤੇ ਹੋਇਆ, ਜਿੱਥੇ ਉਹਨਾਂ ਨੇ ਸਿੱਖੀ ਦੀ ਗੁੜ੍ਹਤੀ ਪ੍ਰਾਪਤ ਕੀਤੀ।

**ਗੁਰੂ ਦੀ ਬਖਸ਼ਿਸ਼:** ਸਿੱਖ ਧਰਮ ਵਿੱਚ ਕੇਸਾਂ ਨੂੰ ਕਟਵਾਉਣਾ ਵਰਜਿਤ ਹੈ। ਭਾਈ ਸਾਹਿਬ ਨੇ ਬਚਪਨ ਤੋਂ ਹੀ ਆਪਣੇ ਕੇਸਾਂ ਦੀ ਸੰਭਾਲ ਗੁਰੂ ਦੀ ਅਮਾਨਤ ਵਾਂਗ ਕੀਤੀ। ਉਹਨਾਂ ਨੇ ਕਦੇ ਵੀ ਆਪਣੇ ਵਾਲਾਂ ਨੂੰ ਕੈਂਚੀ ਜਾਂ ਉਸਤਰਾ ਨਹੀ ਲਾਇਆ ਜੋ ਉਹਨਾਂ ਦੇ ਅਟੁੱਟ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਹਨਾਂ ਦੇ ਜੀਵਨ ਦੀ ਨੀਹ ਬਹੁਤ ਹੀ ਗਹਿਰੀ ਅਧਿਆਤਮਿਕਤਾ ਉੱਤੇ ਟਿਕੀ ਹੋਈ ਹੈ। ਭਾਈ ਸਾਹਿਬ ਨੇ ਆਪਣੀ ਸ਼ੁਰੂਆਤੀ ਧਾਰਮਿਕ ਵਿੱਦਿਆ ਜਿਸ ਵਿੱਚ ਗੁਰਬਾਣੀ ਪਾਠ, ਕੀਰਤਨ ਅਤੇ ਕਥਾ ਸ਼ਾਮਲ ਸੀ ਦਮਦਮੀ ਟਕਸਾਲ ਵਿਖੇ ਰਹਿ ਕੇ **ਸੰਤ ਬਾਬਾ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ** ਪਾਸੋਂ ਹਾਸਲ ਕੀਤੀ। ਉਹਨਾਂ ਨੂੰ ਸਾਲ 1975 ਤੋਂ 1984 ਤੱਕ **ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ** ਦੀ ਪਵਿੱਤਰ ਸੰਗਤ ਵਿੱਚ ਬਹੁਤ ਨਜ਼ਦੀਕ ਰਹਿਣ ਦਾ ਅਦੁੱਤੀ ਸੁਭਾਗ ਪ੍ਰਾਪਤ ਹੋਇਆ। ਭਾਈ ਸਾਹਿਬ ਨੇ ਸਿੱਖ ਇਤਿਹਾਸ ਦੇ ਉਸ ਦਰਦਨਾਕ ਅਤੇ ਅਹਿਮ ਦੌਰ ਨੂੰ ਵੀ ਪਿੰਡੇ 'ਤੇ ਹੰਢਾਇਆ ਹੈ, ਜਦੋਂ ਉਹਨਾਂ ਨੇ 1984 ਦੇ **'ਨੀਲਾ ਤਾਰਾ' (ਬਲੂ ਸਟਾਰ)** ਸਾਕੇ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਪਣੀ ਅੱਖੀ ਡਿੱਠਾ ਸੀ।



ਵਿੰਕਲਜੀਤ ਸਿੰਘ ਸਰਾ
+91 9501477889

**ਗਿਨੀਜ਼ ਵਰਲਡ ਰਿਕਾਰਡ, ਇੱਕ ਇਤਿਹਾਸਕ ਅਤੇ ਵਿਸ਼ਵਵਿਆਪੀ ਪ੍ਰਾਪਤੀ:** ਭਾਈ ਸਰਵਣ ਸਿੰਘ ਜੀ ਦੀ ਸ਼ਖਸੀਅਤ ਅੱਜ ਵਿਸ਼ਵ ਭਰ ਵਿੱਚ ਉਹਨਾਂ ਦੀ **"ਸਭ ਤੋਂ ਲੰਬੀ ਦਾੜ੍ਹੀ" (Longest Beard on a Living Male)** ਦੇ ਰਿਕਾਰਡ ਕਾਰਨ ਪ੍ਰਸਿੱਧ ਹੈ। ਇਹ ਰਿਕਾਰਡ ਕੋਈ ਇਤਫ਼ਾਕ ਨਹੀ ਸਗੋ ਦਹਾਕਿਆਂ ਦੇ ਅਨੁਸ਼ਾਸਨ ਅਤੇ ਗੁਰੂ ਦੀ ਬਖਸ਼ਿਸ਼ ਦਾ ਨਤੀਜਾ ਹੈ।

**ਰਿਕਾਰਡਾਂ ਦਾ ਸਫ਼ਰ:** ਭਾਈ ਸਾਹਿਬ ਸਾਲ 2008 ਤੋਂ ਹੀ ਗਿਨੀਜ਼ ਵਰਲਡ ਰਿਕਾਰਡ ਵਿੱਚ ਆਪਣਾ ਸਥਾਨ ਬਣਾ ਚੁੱਕੇ ਹਨ। ਉਹਨਾਂ ਨੇ ਸਮੇਂ-ਸਮੇਂ 'ਤੇ ਆਪਣੇ ਹੀ ਬਣਾਏ ਰਿਕਾਰਡਾਂ ਨੂੰ ਮਾਤ ਦਿੱਤੀ: **ਮਾਰਚ 2010:** ਇਟਲੀ ਦੇ ਪ੍ਰਸਿੱਧ ਟੀਵੀ ਸ਼ੋਅ **'Lo Show dei Record'** ਵਿੱਚ ਉਹਨਾਂ ਦੀ ਦਾੜ੍ਹੀ ਦੀ ਲੰਬਾਈ 238 ਸੈਂਟੀਮੀਟਰ ਮਾਪੀ ਗਈ। **8 ਸਤੰਬਰ 2011:** ਕੈਨੇਡਾ ਦੇ ਸਰੀ (ਬ੍ਰਿਟਿਸ਼ ਕੋਲੰਬੀਆ) ਵਿਖੇ ਗਿਨੀਜ਼ ਟੀਮ ਵੱਲੋਂ ਕੀਤੀ ਗਈ ਅਧਿਕਾਰਤ ਮਾਪ ਦੌਰਾਨ ਉਹਨਾਂ ਦੀ ਦਾੜ੍ਹੀ ਦੀ ਲੰਬਾਈ 2.495 ਮੀਟਰ (8 ਫੁੱਟ 2.5 ਇੰਚ) ਦਰਜ ਕੀਤੀ ਗਈ। ਇਹ ਮਾਪ ਅੱਜ ਵੀ ਵਿਸ਼ਵ ਪੱਧਰ 'ਤੇ ਇੱਕ ਅਜਿੱਤ ਪਛਾਣ ਵਜੋਂ ਕਾਇਮ ਹੈ। ਭਾਈ ਸਾਹਿਬ ਲਈ ਇਹ ਕੇਵਲ ਇੱਕ ਰਿਕਾਰਡ ਨਹੀ ਸਗੋ ਇਹ ਦਿਖਾਉਣ ਦਾ ਜ਼ਰੀਆ ਹੈ ਕਿ ਕੁਦਰਤੀ ਸਰੂਪ ਦੀ ਸੰਭਾਲ ਕਿੰਨੀ ਮਾਨਮੱਤੀ ਹੋ ਸਕਦੀ ਹੈ।

**ਧਾਰਮਿਕ ਅਤੇ ਸੰਗੀਤਕ ਸੇਵਾਵਾਂ, ਇਲਾਹੀ ਕੀਰਤਨ ਦੀ ਦਾਤ:** ਭਾਈ ਸਰਵਣ ਸਿੰਘ ਜੀ ਕੇਵਲ ਆਪਣੀ ਦਿੱਖ ਕਾਰਨ ਹੀ ਸਤਿਕਾਰਤ ਨਹੀ ਹਨ ਸਗੋ ਉਹਨਾਂ ਦਾ ਗੁਰਮਤਿ ਸੰਗੀਤ ਅਤੇ ਸੇਵਾ ਵਿੱਚ ਵੀ ਵੱਡਾ ਯੋਗਦਾਨ ਹੈ। **ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ:** ਕੈਨੇਡਾ ਜਾਣ ਤੋਂ ਪਹਿਲਾਂ ਉਹਨਾਂ ਨੂੰ ਸਿੱਖਾਂ ਦੇ **ਸਰਵਉੱਚ ਅਸਥਾਨ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ** ਵਿਖੇ ਹਜ਼ੂਰੀ ਰਾਗੀ ਵਜੋਂ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ। ਉਹਨਾਂ ਦੀ ਸੁਰੀਲੀ ਆਵਾਜ਼ ਨੇ ਹਜ਼ਾਰਾਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਿਆ। **ਕੈਨੇਡਾ ਵਿੱਚ ਸੇਵਾਵਾਂ:** ਸਰੀ ਵਿੱਚ ਉਹਨਾਂ ਨੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਨਿਭਾਈਆਂ। **ਅਕਾਲ ਅਕੈਡਮੀ ਵਿੱਚ ਅਧਿਆਪਨ:** ਮੌਜੂਦਾ ਸਮੇਂ ਵਿੱਚ ਉਹ ਅਕਾਲ ਅਕੈਡਮੀ ਸਰੀ ਵਿਖੇ ਇੱਕ ਮਾਹਰ ਸੰਗੀਤ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ। ਉਹਨਾਂ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਤੋਂ ਬਚਾ ਕੇ ਗੁਰਮਤਿ ਸੰਗੀਤ ਅਤੇ ਰਾਗ ਵਿੱਦਿਆ ਨਾਲ ਜੋੜਨਾ ਹੈ।

**ਲੰਬੀ ਦਾੜ੍ਹੀ ਦੀ ਸੰਭਾਲ, ਸਿਦਕ ਅਤੇ ਅਨੁਸ਼ਾਸਨ ਦੀ ਮਿਸਾਲ:** 8 ਫੁੱਟ ਤੋਂ ਵੱਧ ਲੰਬੀ ਦਾੜ੍ਹੀ ਦੀ ਰੋਜ਼ਾਨਾ ਸੰਭਾਲ ਕਰਨਾ ਕੋਈ ਸੌਖਾ ਕਾਰਜ ਨਹੀ ਹੈ। ਇਸ ਲਈ ਭਾਰੀ ਸਬਰ ਅਤੇ ਸਮੇਂ ਦੀ ਲੋੜ ਹੁੰਦੀ ਹੈ: **ਨਿਤਨੇਮ ਵਾਂਗ ਸੰਭਾਲ:** ਭਾਈ ਸਾਹਿਬ ਆਪਣੀ ਦਾੜ੍ਹੀ ਨੂੰ ਧੋਣ, ਸੁਕਾਉਣ ਅਤੇ ਤੇਲ ਲਗਾ ਕੇ ਸੰਭਾਲਣ ਲਈ ਰੋਜ਼ਾਨਾ ਕਈ ਘੰਟੇ ਦਿੰਦੇ ਹਨ। ਉਹ ਇਸ ਪ੍ਰਕਿਰਿਆ ਨੂੰ ਕਿਸੇ ਬੋਝ ਦੀ ਬਜਾਏ **'ਗੁਰੂ ਦੀ ਇਬਾਦਤ'** ਵਾਂਗ ਨਿਭਾਉਂਦੇ ਹਨ। **ਸਿਧਾਂਤਕ ਦ੍ਰਿੜ੍ਹਤਾ:** ਉਹਨਾਂ ਨੇ ਆਪਣੇ ਜੀਵਨ ਵਿੱਚ ਕਦੇ ਵੀ ਕੇਸ਼ਾਂ ਨੂੰ ਕੈਂਚੀ ਜਾਂ ਉਸਤਰਾ ਨਹੀ ਲਾਇਆ। ਉਹਨਾਂ ਅਨੁਸਾਰ ਇਹ ਕੇਸ ਗੁਰੂ ਦੀ ਅਮਾਨਤ ਹਨ ਅਤੇ ਇਹਨਾਂ ਦਾ ਵਧਣਾ ਅਕਾਲ ਪੁਰਖ ਦੀ ਰਜ਼ਾ ਹੈ।

**ਅੰਤਰਰਾਸ਼ਟਰੀ ਪ੍ਰਭਾਵ ਅਤੇ ਮਾਨਤਾ:** ਭਾਈ ਸਰਵਣ ਸਿੰਘ ਜੀ ਦੀ ਪ੍ਰਾਪਤੀ ਨੇ ਪੂਰੀ ਦੁਨੀਆ ਵਿੱਚ ਸਿੱਖੀ ਸਰੂਪ ਬਾਰੇ ਉਤਸੁਕਤਾ ਅਤੇ ਸਤਿਕਾਰ ਪੈਦਾ ਕੀਤਾ ਹੈ। **ਮੀਡੀਆ ਵਿੱਚ ਚਰਚਾ:** ਉਹਨਾਂ ਨੂੰ ਨਿਊਯਾਰਕ ਦੇ ਮਸ਼ਹੂਰ ਟੀਵੀ ਸ਼ੋਅ 'Regis and Kelly' ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਬੁਲਾਇਆ ਗਿਆ। ਇਸ ਸ਼ੋਅ ਰਾਹੀ ਲੱਖਾਂ ਗ਼ੈਰ-ਸਿੱਖਾਂ ਨੇ ਸਿੱਖ ਧਰਮ ਦੇ ਸਿਧਾਂਤਾਂ ਅਤੇ ਕੇਸਾਂ ਦੀ ਮਹੱਤਤਾ ਬਾਰੇ ਜਾਣਿਆ।

**ਸਿੱਖ ਨੌਜਵਾਨਾਂ ਲਈ ਪ੍ਰੇਰਨਾ ਸਰੋਤ:** ਅੱਜ ਦੇ ਦੌਰ ਵਿੱਚ ਜਿੱਥੇ ਪੱਛਮੀ ਚਕਾਚੌਂਧ ਕਾਰਨ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਅਤੇ ਸਰੂਪ ਤੋਂ ਦੂਰ ਹੋ ਰਹੀ ਹੈ ਭਾਈ ਸਰਵਣ ਸਿੰਘ ਜੀ ਇੱਕ ਰੋਲ ਮਾਡਲ ਵਜੋਂ ਉੱਭਰੇ ਹਨ। ਉਹਨਾਂ ਦਾ ਜੀਵਨ ਸਿਖਾਉਂਦਾ ਹੈ ਕਿ: ਆਪਣੀ ਧਾਰਮਿਕ ਪਛਾਣ ਨੂੰ ਬਰਕਰਾਰ ਰੱਖ ਕੇ ਵੀ ਦੁਨੀਆ ਵਿੱਚ ਸਿਖਰਾਂ ਛੂਹੀਆਂ ਜਾ ਸਕਦੀਆਂ ਹਨ। ਅਸਲ ਸੁੰਦਰਤਾ ਅਤੇ ਤਾਕਤ ਕੁਦਰਤੀ ਸਰੂਪ ਅਤੇ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਵਿੱਚ ਹੀ ਹੈ। ਸਿੱਖੀ ਸਰੂਪ ਕੋਈ ਰੁਕਾਵਟ ਨਹੀ, ਸਗੋ ਇੱਕ ਵਿਲੱਖਣ ਸ਼ਕਤੀ ਹੈ ਜੋ ਤੁਹਾਨੂੰ ਦੁਨੀਆ ਦੀ ਭੀੜ ਵਿੱਚ ਅਲੱਗ ਅਤੇ ਸਤਿਕਾਰਤ ਬਣਾਉਂਦੀ ਹੈ।

